78355(P)

ਆਰ.ਬੀ.ਆਈ./2006-07/16

ਆਰ ਪੀ ਸੀ ਡੀ. ਨੰ: ਪੀ ਐਲ ਐਫ ਐਸ. ਬੀ ਸੀ. 1/05.04.02/2007-08

ਜੁਲਾਈ 2, 2007

(ਸਾਰੇ ਵਪਾਰਕ ਬੈਂਕਾਂ (ਖੇਤਰੀ ਦੇਹਾਤੀ ਬੈਂਕਾਂ ਤੋਂ ਇਲਾਵਾ) ਦੇ

ਚੇਅਰਮੈਨ/ਮੈਨੇਜਿੰਗ ਡਾਇਰੈਕਟਰ/ਮੁੱਖ ਕਾਰਜਕਾਰੀ ਅਧਿਕਾਰੀ

ਸ੍ਰੀਮਾਨ ਜੀ,

## ਮਾਸਟਰ ਸਰਕੂਲਰ ਕੁਦਰਤੀ ਮੁਸੀਬਤਾਂ ਦੁਆਰਾ ਪ੍ਰਭਾਵਿਤ ਖੇਤਰਾਂ ਦੇ ਬੈਂਕਾਂ ਦੁਆਰਾ ਰਾਹਤ ਕਦਮਾਂ ਲਈ ਮਾਰਗਦਰਸ਼ਕ ਲੀਹਾਂ

ਕਿਰਪਾ ਕਰਕੇ ਸਾਡੇ ਮਾਸਟਰ ਸਰਕੂਲਰ ਆਰ ਪੀ ਸੀ ਡੀ. ਨੰ: ਪੀ ਐਲ ਐਫ ਐਸ. ਬੀ ਸੀ. 10/05.04.02/2005-06 ਮਿਤੀ 10 ਜੁਲਾਈ, 2006 ਵੱਲ ਧਿਆਨ ਦਿਉ ਜਿਸ ਵਿਚ ਕੁਦਰਤੀ ਮੁਸੀਬਤਾਂ ਦੁਆਰਾ ਪ੍ਰਭਾਵਿਤ ਖੇਤਰਾਂ ਵਿਚ ਮੁਹਈਆ ਕਰਵਾਏ ਜਾਣ ਵਾਲੇ ਰਾਹਤ ਕਦਮਾਂ ਨਾਲ ਸਬੰਧਤ ਮਾਮਲਿਆਂ ਬਾਰੇ ਬੈਂਕਾਂ ਨੂੰ ਜਾਰੀ ਕੀਤੀਆਂ ਮਾਰਗਦਰਸ਼ਕ ਲੀਹਾਂ ਸ਼ਾਮਲ ਕੀਤੀਆਂ ਗਈਆਂ ਸਨ। ਇਸ ਵਿਸ਼ੇ ਤੇ ਸਾਲ 2007-08 ਲਈ ਵਰਤਮਾਨ ਮਾਰਗਦਰਸ਼ਕ ਲੀਹਾਂ/ਨਿਰਦੇਸ਼ਾਂ ਨੂੰ ਸ਼ਾਮਲ ਕਰਕੇ ਇਕ ਮਾਸਟਰ ਸਰਕੂਲਰ ਤਿਆਰ ਕੀਤਾ ਗਿਆ ਹੈ ਜੋ ਕਿ ਨਾਲ ਨੱਥੀ ਹੈ। ਇਸ ਮਾਸਟਰ ਸਰਕੂਲਰ ਵਿਚ ਸੰਕਲਿਤ ਕੀਤੇ ਗਏ ਸਰਕੂਲਰਾਂ ਦੀ ਸੂਚੀ ਅੰਤਿਕਾ ਵਿਚ ਦਿੱਤੀ ਗਈ ਹੈ।

ਆਪ ਜੀ ਦਾ ਵਿਸ਼ਵਾਸਪਾਤਰ

ਸਹੀ/-

*(ਜੀ ਸ੍ਰੀਨਿਵਾਸਨ)*

ਮੁੱਖ ਜਨਰਲ ਮੈਨੇਜਰ

## ਕੁਦਰਤੀ ਮੁਸੀਬਤਾਂ ਦੁਆਰਾ ਪ੍ਰਭਾਵਿਤ ਖੇਤਰਾਂ ਵਿਚ ਬੈਂਕਾਂ ਦੁਆਰਾ ਰਾਹਤ ਕਦਮਾਂ ਲਈ ਮਾਰਗਦਰਸ਼ਕ ਲੀਹਾਂ

1. ਨਿਯਤਕਾਲਿਕ ਪਰੰਤੂ ਵਾਰ ਵਾਰ ਆਉਣ ਵਾਲੇ ਸੋਕੇ, ਹੜ੍ਹ, ਝੱਖੜ, ਜੁਆਰ ਭਾਟਾ ਅਤੇ ਹੋਰ ਕੁਦਰਤੀ ਮੁਸੀਬਤਾਂ ਕਾਰਨ ਵੱਡੀ ਸੰਖਿਆ ਵਿਚ ਇੰਸਾਨੀ ਜਾਨਾ ਜਾਂਦੀਆਂ ਹਨ ਅਤੇ ਦੇਸ਼ ਦੇ ਕਿਸੇ ਨਾ ਕਿਸੇ ਖੇਤਰ ਵਿਚ ਲੋਕਾਂ ਦੇ ਆਰਥਿਕ ਕੰਮ-ਕਾਜਾਂ ਨੂੰ ਭਾਰੀ ਨੁਕਸਾਨ ਪਹੁੰਚਦਾ ਹੈ। ਅਜਿਹੀਆਂ ਕੁਦਰਤੀ ਮੁਸੀਬਤਾਂ ਦੁਆਰਾ ਹੋਏ ਵਿਨਾਸ਼ ਕਾਰਨ ਸਾਰੀ ਏਜੰਸੀਆਂ ਵੱਲੋਂ ਵੱਡੇ ਪੱਧਰ ਤੇ ਮੁੜ ਵਸੇਵੇਂ ਲਈ ਯਤਨ ਜ਼ਰੂਰੀ ਹੋ ਜਾਂਦੇ ਹਨ। ਰਾਜ ਸਰਕਾਰ ਦੇ ਅਤੇ ਸਥਾਨਕ ਅਧਿਕਾਰੀ ਪ੍ਰਭਾਵਿਤ ਲੋਕਾਂ ਦੇ ਆਰਥਿਕ ਮੁੜ ਵਸੇਵੇਂ ਲਈ ਪ੍ਰੋਗਰਾਮ ਉਲੀਕਦੇ ਹਨ। ਵਪਾਰਕ ਅਤੇ ਸਹਿਕਾਰੀ ਬੈਂਕਾਂ ਨੂੰ ਸੌਂਪੀ ਗਈ ਵਿਕਾਸ ਸਬੰਧੀ ਭੂਮਿਕਾ ਉਨ੍ਹਾਂ ਵੱਲੋਂ ਆਰਥਿਕ ਗਤੀਵਿਧੀਆਂ ਨੂੰ ਪੁਨਰਜੀਵਿਤ ਕਰਨ ਲਈ ਪ੍ਰਭਾਵਸ਼ਾਲੀ ਸਮਰਥਨ ਦੀ ਮੰਗ ਕਰਦੀ ਹੈ।

2. ਕਿਉਂਕਿ ਕੁਦਰਤੀ ਮਸੀਬਤਾਂ ਦੇ ਖੇਤਰ, ਵਾਪਰਨ ਦੇ ਸਮੇਂ ਅਤੇ ਉਨ੍ਹਾਂ ਦੀ ਗੰਭੀਰਤਾ ਬਾਰੇ ਪਹਿਲਾਂ ਤੋਂ ਅਨੁਮਾਨ ਨਹੀਂ ਲਗਾਇਆ ਜਾ ਸਕਦਾ ਇਸ ਲਈ ਇਹ ਜ਼ਰੂਰੀ ਹੈ ਕਿ ਅਜਿਹੇ ਮੌਕਿਆ ਲਈ ਬੈਂਕਾਂ ਕੋਲ ਕਾਰਵਾਈ ਦਾ ਖ਼ਾਕਾ ਹੋਵੇ ਤਾਂ ਜੋ ਜ਼ਰੂਰੀ ਰਾਹਤ ਅਤੇ ਸਹਾਇਤਾ ਤੀਬਰਤਾ ਅਤੇ ਬਿਨਾਂ ਵਕਤ ਗਵਾਏ ਉਪਲਬੱਧ ਕਰਵਾਈ ਜਾਵੇ। ਇਸ ਲਈ ਜ਼ਰੂਰੀ ਹੈ ਕਿ ਵਪਾਰਕ ਬੈਂਕਾਂ ਦੀਆਂ ਸਾਰੀਆਂ ਸ਼ਾਖਾਵਾਂ ਅਤੇ ਉਨ੍ਹਾਂ ਦੇ ਰੀਜਨਲ ਅਤੇ ਜ਼ੋਨਲ ਦਫ਼ਤਰਾਂ ਵਿਚ ਸਥਾਈ ਨਿਰਦੇਸ਼ ਹੋਣ ਜਿਨ੍ਹਾਂ ਵਿਚ ਜ਼ਿਲ੍ਹਾ/ਰਾਜ ਪੱਧਰ ਦੇ ਅਧਿਕਾਰੀਆਂ ਦੁਆਰਾ ਜ਼ਰੂਰੀ ਘੋਸ਼ਣਾ ਤੋਂ ਤੁਰੰਤ ਬਾਅਦ ਕੁਦਰਤੀ ਮੁਸੀਬਤਾਂ ਤੋਂ ਪ੍ਰਭਾਵਿਤ ਖੇਤਰਾਂ ਵਿਚ ਬੈਂਕ ਸ਼ਾਖਾਵਾਂ ਵੱਲੋਂ ਸ਼ੁਰੂ ਕੀਤੇ ਜਾਣ ਵਾਲੀ ਕਾਰਵਾਈ ਦਾ ਵੇਰਵਾ ਹੋਵੇ। ਇਹ ਜ਼ਰੂਰੀ ਹੈ ਕਿ ਇਹ ਨਿਰਦੇਸ਼ ਰਾਜ ਸਰਕਾਰ ਦੇ ਅਧਿਕਾਰੀਆਂ ਅਤੇ ਸਾਰੇ ਜ਼ਿਲ੍ਹਾ ਕਲੈਕਟਰਾਂ ਕੋਲ ਵੀ

ਉਪਲਬੱਧ ਹੋਣੇ ਚਾਹੀਦੇ ਹਨ ਤਾਂ ਸਾਰਿਆਂ ਨੂੰ ਪਤਾ ਹੋਵੇ ਕਿ ਪ੍ਰਭਾਵਿਤ ਖੇਤਰਾਂ ਵਿਚ ਬੈਂਕਾਂ ਦੀਆਂ ਸ਼ਾਖਾਵਾਂ ਵੱਲੋਂ ਕੀ ਕਾਰਵਾਈ ਕੀਤੀ ਜਾਵੇਗੀ।

3. ਵਪਾਰਕ ਬੈਂਕਾਂ ਦੁਆਰਾ ਆਰਥਿਕ ਸਹਾਇਤਾ ਦੇ ਨਿਯਮਾਂ ਬਾਰੇ ਸਹੀ ਵੇਰਵਾ ਹਾਲਾਤ ਅਨੁਸਾਰ ਜ਼ਰੂਰਤਾਂ, ਉਨ੍ਹਾਂ ਦੀ ਆਪਣੀ ਕੰਮ ਕਰਨ ਦੀ ਸਮਰੱਥਾ ਅਤੇ ਕਰਜ਼ੇ ਲੈਣ ਵਾਲਿਆਂ ਦੀ ਅਸਲ ਜ਼ਰੂਰਤਾਂ ਤੇ ਨਿਰਭਰ ਕਰੇਗੀ। ਇਸ ਬਾਰੇ ਉਨ੍ਹਾਂ ਦੁਆਰਾ ਜ਼ਿਲ੍ਹਾ ਅਧਿਕਾਰੀਆਂ ਨਾਲ ਵਿਚਾਰ ਵਿਮਰਸ਼ ਕਰਕੇ ਫੈਸਲਾ ਕੀਤਾ ਜਾ ਸਕਦਾ ਹੈ।

4. ਫੇਰ ਵੀ ਬੈਂਕਾਂ ਨੂੰ ਇਕੋ ਜਿਹੇ ਅਤੇ ਵਿਉਂਤਬੰਦ ਕਾਰਵਾਈ ਫੁਰਤੀ ਨਾਲ ਕਰਨ ਦੇ ਯੋਗ ਬਣਾਉਣ ਲਈ, ਖਾਸ ਕਰਕੇ ਕੁਦਰਤੀ ਮੁਸੀਬਤਾਂ ਨਾਲ ਪ੍ਰਭਾਵਿਤ ਖੇਤੀ ਕਰਨ ਵਾਲਿਆਂ, ਛੋਟੀਆਂ ਉਦਯੋਗਿਕ ਇਕਾਈਆਂ, ਦਸਤਕਾਰਾਂ, ਛੋਟੀਆਂ ਕਾਰੋਬਾਰੀ ਅਤੇ ਵਪਾਰਕ ਸੰਸਥਾਵਾਂ ਨੂੰ ਆਰਥਿਕ ਸਹਾਇਤਾ ਉਪਲਬੱਧ ਕਰਵਾਉਣ ਲਈ ਹੇਠ ਲਿਖੀਆਂ ਮਾਰਗਦਰਸ਼ਕ ਲੀਹਾਂ ਸਵੀਕਾਰਯੋਗ ਹਨ।

ਸੰਸਥਾਗਤ ਪ੍ਰਬੰਧ

ੳ) ਜ਼ਿਲ੍ਹਾ ਸਲਾਹਕਾਰ ਕਮੇਟੀ ਦੀ ਮੀਟਿੰਗ:

5. ਵਿੱਤੀ ਸੰਸਥਾਵਾਂ ਵੱਲੋਂ ਫੁਰਤੀ ਨਾਲ ਕਾਰਵਾਈ ਅਤੇ ਤਾਲਮੇਲ ਨੂੰ ਸੁਵਿਧਾਜਨਕ ਬਣਾਉਣ ਲਈ ਪ੍ਰਭਾਵਿਤ ਖੇਤਰਾਂ ਦੀਆਂ ਜ਼ਿਲ੍ਹਾ ਸਲਾਹਕਾਰ ਕਮੇਟੀਆਂ ਦੇ ਆਯੋਜਕਾਂ ਦੀ ਕੁਦਰਤੀ ਮੁਸੀਬਤਾਂ ਦੇ ਵਾਪਰਨ ਤੋਂ ਤੁਰੰਤ ਬਾਅਦ ਮੀਟਿੰਗ ਵਾਪਰੀ ਹੋਵੇ। ਜੇ ਮੁਸੀਬਰ ਰਾਜ ਦੇ ਜ਼ਿਆਦਾ ਹਿੱਸੇ ਵਿਚ ਆਈ ਹੋਵੇ ਤਾਂ ਰਾਜ ਪੱਧਰ ਦੀ ਬੈਂਕਰਸ ਕਮੇਟੀ ਦਾ ਆਯੋਜਕ ਵੀ ਤੁਰਤ ਮੀਟਿੰਗ ਬੁਲਾਏਗਾ ਤਾਂ ਜੋ ਰਾਜ ਪੱਧਰ/ਜ਼ਿਲ੍ਹਾ ਪੱਧਰ ਦੇ ਅਧਿਕਾਰੀਆਂ ਨਾਲ ਮਿਲਕੇ ਪ੍ਰੋਗਰਾਮ ਉਲੀਕਿਆ ਜਾ ਸਕੇ। ਕੁਦਰਤੀ ਮੁਸੀਬਤ ਨਾਲ

ਪ੍ਰਭਾਵਿਤ ਕਿਸੇ ਵਿਅਕਤੀ ਨੂੰ ਆਰਥਿਕ ਸਹਾਇਤਾ ਦੀ ਮਾਤਰਾ ਨਿਸ਼ਚਿਤ ਕਰਦੇ ਸਮੇਂ ਬੈਂਕ ਉਸ ਵਿਅਕਤੀ ਦੁਆਰਾ ਰਾਜ ਸਰਕਾਰ ਅਤੇ /ਜਾਂ ਹੋਰ ਏਜੰਸੀਆਂ ਪਾਸੋਂ ਪ੍ਰਾਪਤ ਕੀਤੀ ਸਹਾਇਤਾ/ਅਨੁਦਾਨ ਰਾਸ਼ੀ ਨੂੰ ਵੀ ਧਿਆਨ ਵਿਚ ਰੱਖ ਸਕਦੇ ਹਨ।

ਅ) ਰਾਜ ਪੱਧਰੀ ਬੈਂਕਰਸ ਕਮੇਟੀ (ਐਸ ਐਲ ਬੀ ਸੀ) ਦੀ ਵਿਸ਼ੇਸ਼ ਮੀਟਿੰਗ

6. ਕੁਦਰਤੀ ਮੁਸੀਬਤ ਦੇ ਵਾਪਰਨ ਤੋਂ ਤੁਰੰਤ ਬਾਅਦ ਪ੍ਰਭਾਵਿਤ ਖੇਤਰਾਂ ਵਿਚਲੀ ਸਥਿਤੀ ਤੇ ਪੁਨਰ ਵਿਚਾਰ ਕਰਨ ਅਤੇ ਬੈਂਕਾਂ ਦੁਆਰਾ ਛੇਤੀ ਨਾਲ ਉਚਿੱਤ ਰਾਹਤ ਕਦਮਾਂ ਦੇ ਨਿਰਮਾਣ ਅਤੇ ਉਨ੍ਹਾਂ ਨੂੰ ਲਾਗੂ ਕਰਵਾਉਣ ਲਈ ਐਸ ਐਲ ਬੀ ਸੀ ਦੀ ਵਿਸ਼ੇਸ਼ ਮੀਟਿੰਗ ਹੋ ਸਕਦੀ ਹੈ।

7. ਬੈਂਕ ਕੁਦਰਤੀ ਮੁਸੀਬਤਾਂ ਦੀ ਵਿਵਸਥਾ ਲਈ ਆਪਣੇ ਪ੍ਰਬੰਧਾਂ ਬਾਰੇ ਹੈਲਪਲਾਈਨ ਨੰਬਰਾਂ ਦੀ ਵਰਤੋਂ ਉਚਿੱਤ ਪ੍ਰਚਾਰ ਰਾਹੀਂ ਕਰ ਸਕਦੇ ਹਨ। ਸ਼ੁਰੂ ਕੀਤੇ ਗਏ ਅਤੇ ਚੁੱਕੇ ਗਏ ਰਾਹਤ ਕਦਮਾਂ ਤੇ ਐਸ ਐਲ ਬੀ ਸੀ ਦੀਆਂ ਖਾਸ ਤੌਰ ਤੇ ਬਣਾਈਆਂ ਸਬ ਕਮੇਟੀਆਂ ਜਾਂ ਕਾਰਜ ਦਸਤਿਆਂ ਦੀਆਂ ਹਫ਼ਤਾਵਾਰੀ/ਪੰਦ੍ਰਰਵਾੜੇ ਦੀਆਂ ਮੀਟਿੰਗਾਂ ਵਿਚ ਉਦੋਂ ਤੱਕ ਪੁਨਰ ਵਿਚਾਰ ਕੀਤਾ ਜਾ ਸਕਦਾ ਹੈ ਜਦੋ ਤੱਕ ਕਿ ਹਾਲਾਤ ਸੁਧਰ ਨਹੀਂ ਜਾਂਦੇ ਹਨ।

(ੲ) ਪ੍ਰਭਾਵਸ਼ਾਲੀ ਪਹੁੰਚ:

8. ਕਿਸੇ ਕੁਦਰਤੀ ਮੁਸੀਬਤ ਵਾਪਰਨ ਉਪਰੰਤ ਰਾਹਤ ਕਦਮਾਂ ਵਿਚ ਦੇਰੀ ਤੋਂ ਬਚਣ ਲਈ ਬੈਂਕ ਇਸ ਸਬੰਧ ਵਿਚ ਆਪਣੇ ਬੋਰਡ ਆਫ ਡਾਇਰੈਕਟਰਸ ਨਾਲ ਵਿਚਾਰ ਕਰਕੇ ਇਕ ਉਚਿੱਤ ਨੀਤੀ ਸਬੰਧੀ ਖ਼ਾਕਾ ਤਿਆਰ ਕਰ ਸਕਦੇ ਹਨ ਅਤੇ ਉਸ ਨੀਤੀ ਸਬੰਧੀ ਦਸਤਾਵੇਜ਼ ਦੀ ਇਕ ਕਾਪੀ ਰਿਕਾਰਡ ਲਈ ਸਾਨੂੰ ਭੇਜ ਸਕਦੇ ਹਨ। ਰਾਹਤ ਕਦਮਾਂ ਵਿਚ ਲਚਕੀਲਾਪਣ ਹੋਣਾ ਉਚਿੱਤ ਹੋਵੇਗਾ ਤਾਂ ਜੋ ਇਸ ਨੂੰ ਕਿਸੇ ਵਿਸ਼ੇਸ਼ ਰਾਜ ਜਾਂ ਜਿਲ੍ਹੇ ਵਿਚ

ਕਿਸੇ ਖਾਸ ਪਰਿਸਥਿਤੀਆਂ ਵਿਚ ਉਚਿੱਤ ਰਾਹਤ ਕਦਮਾਂ ਅਨੁਸਾਰ ਬਣਾਇਆ ਜਾ ਸਕੇ ਅਤੇ ਇਸ ਬਾਰੇ ਪੈਮਾਨੇ ਐਸ ਐਲ ਬੀ ਸੀ/ਡੀ ਸੀ ਸੀ ਨਾਲ ਵਿਚਾਰ ਵਿਮਰਸ਼ ਕਰਕੇ ਨਿਸ਼ਚਿਤ ਕੀਤੇ ਜਾ ਸਕਦੇ ਹਨ।

(ਸ) ਬੈਂਕਾਂ ਦੇ ਡਵੀਜ਼ਨਲ/ਜ਼ੋਨਲ ਮੈਨੇਜਰਾਂ ਦੇ ਇਖਤਿਆਰੀ ਅਧਿਕਾਰ

9. ਬੈਂਕਾਂ ਦੇ ਡਵੀਜ਼ਨਲ/ਜ਼ੋਨਲ ਮੈਨੇਜਰਾਂ ਨੂੰ ਕੁਝ ਇਖਤਿਆਰੀ ਅਧਿਕਾਰ ਦਿੱਤੇ ਜਾਣੇ ਚਾਹੀਦੇ ਹਨ ਤਾਂ ਜੋ ਉਨ੍ਹਾਂ ਨੂੰ ਜ਼ਿਲ੍ਹਾ/ਰਾਜ ਪੱਧਰੀ ਬੈਂਕਰਸ ਕਮੇਟੀ ਦੁਆਰਾ ਕਾਰਵਾਈ ਸਬੰਧੀ ਸਹਿਮਤੀ ਦੀ ਨਵੇਂ ਸਿਰੇ ਤੋਂ ਮਨਜ਼ੂਰੀ ਲਈ ਆਪਣੇ ਕੇਂਦਰੀ ਦਫ਼ਤਰ ਤੋਂ ਪੁੱਛਣਾ ਨਾ ਪਵੇ। ਉਦਾਹਰਣ ਲਈ, ਅਜਿਹੇ ਇਖਤਿਆਰੀ ਅਧਿਕਾਰ ਅਪਣਾਏ ਜਾਣ ਵਾਲੇ ਆਰਥਿਕ ਪੈਮਾਨਿਆਂ ਕਰਜ਼ੇ ਦੀ ਅਵਧੀ ਵਿਚ ਵਾਧਾ, ਕਰਜ਼ਾ ਲੈਣ ਵਾਲੇ ਦੀ ਕੁੱਲ ਦੇਣਦਾਰੀ ਨੂੰ (ਅਰਥਾਤ, ਪੁਰਾਣੇ ਕਰਜ਼ੇ ਤੋਂ ਪੈਦਾ ਹੋਣ ਵਾਲੀ ਜਿੱਥੇ ਕਿ ਫਾਈਨੈਂਸ ਕੀਤੀ ਸੰਪੱਤੀ ਕੁਦਰਤੀ ਮੁਸੀਬਤ ਕਾਰਨ ਨਸ਼ਟ ਹੋ ਗਈ ਹੋਵੇ, ਮੁਰੰਮਤ ਲਈ ਨਵੇਂ ਕਰਜ਼ੇ ਤੋਂ ਪੈਦਾ ਹੋਣ ਵਾਲੀ ਅਤੇ ਅਜਿਹੀ ਸੰਪੱਤੀ ਬਣਾਉਣ/ਉਸ ਦੀ ਦੇਣਦਾਰੀ ਧਿਆਨ ਵਿਚ ਰੱਖਦੇ ਹੋਏ ਨਵੇਂ ਕਰਜ਼ਿਆਂ ਦੀ ਮਨਜ਼ੂਰੀ, ਮਾਰਜਨ ਅਤੇ ਸਿਕਿਉਰਿਟੀ ਬਾਰੇ ਫੈਸਲਾ ਲੈਣ ਲਈ ਜ਼ਰੂਰੀ ਹਨ।

(ਹ) ਲਾਭ ਪ੍ਰਾਪਤ ਕਰਨ ਵਾਲਿਆਂ ਦੀ ਪਛਾਣ

10. ਬੈਂਕ ਸ਼ਾਖਾਵਾਂ ਨੂੰ ਚਾਹੀਦਾ ਹੈ ਕਿ ਉਹ ਸਰਕਾਰੀ ਅਧਿਕਾਰੀਆਂ ਤੋਂ ਪ੍ਰਭਾਵਿਤ ਪਿੰਡਾਂ ਅਤੇ ਉਨ੍ਹਾਂ ਦੇ ਕਾਰਜ ਖੇਤਰ ਦੀਆਂ ਸੂਚੀਆਂ ਪ੍ਰਾਪਤ ਕਰਨ। ਪਛਾਣ ਕੀਤੇ ਗਏ ਵਿਅਕਤੀਆਂ ਵਿਚੋਂ ਬੈਂਕਾਂ ਦੇ ਵਰਤਮਾਨ ਗ੍ਰਾਹਕਾਂ ਨੂੰ ਹੋਏ ਨੁਕਸਾਨ ਦਾ ਅਨੁਮਾਨ ਲਗਾਉਣ ਜਿਆਦਾ ਆਸਾਨ ਹੋਵੇਗਾ। ਪਰੰਤੂ, ਨਵੇਂ ਕਰਜ਼ੇ ਲੈਣ ਵਾਲਿਆਂ ਦੇ ਮਾਮਲੇ ਵਿਚ, ਸਾਵਧਾਨੀ ਪੂਰਵਕ ਪੁੱਛ-ਗਿੱਛ ਕਰਨੀ ਚਾਹੀਦੀ ਹੈ ਅਤੇ ਜਿੱਥੇ ਕਿਤੇ ਉਪਲਬੱਧ ਹੋਵੇ, ਉਨ੍ਹਾਂ ਦੀਆਂ ਜ਼ਰੂਰਤਾਂ ਦੇ ਸਹੀ ਹੋਣ ਬਾਰੇ ਨਿਸ਼ਚਾ ਕਰਨ ਲਈ ਸਰਕਾਰੀ ਅਧਿਕਾਰੀਆਂ ਦੀ ਮਦਦ ਵੀ

ਲੈਣੀ ਚਾਹੀਦੀ ਹੈ। ਫਸਲੀ ਕਰਜ਼ਿਆਂ ਦੇ ਸਬੰਧ ਵਿਚ ਰੂਪਾਂਤਰਣ ਸੁਵਿਧਾਵਾਂ ਪ੍ਰਦਾਨ ਕਰਵਾਉਣ ਲਈ ਉਨ੍ਹਾਂ ਖੇਤਰਾਂ ਦੀ ਪਛਾਣ ਲਈ, ਜਿੱਥੇ ਅਜਿਹੀਆਂ ਸੁਵਿਧਾਵਾਂ ਪ੍ਰਦਾਨ ਕੀਤੀਆਂ ਜਾਣੀਆਂ ਹਨ, ਪ੍ਰਕਿਰਿਆ ਹੇਠ ਦਿੱਤਾ ਪੈਰਾ (ਖ) ਵਿਚ ਫਸਲੀ ਕਰਜ਼ਿਆਂ ਅਧੀਨ ਸੂਚਿਤ ਕੀਤੀ ਗਈ ਹੈ।

(ਕ) ਘੇਰਾ

11. ਹਰੇਕ ਸ਼ਾਖਾ ਨਾ ਕੇਵਲ ਆਪਣੇ ਵਰਤਮਾਨ ਕਰਜ਼ਦਾਰਾਂ ਨੂੰ ਹੀ ਸਹਾਇਤਾ ਪ੍ਰਦਾਨ ਕਰੇਗੀ ਸਗੋਂ ਆਪਣੇ ਅਧਿਕਾਰ ਖੇਤਰ ਵਿਚਲੇ ਹੋਰ ਯੋਗ ਵਿਅਕਤੀਆਂ ਨੂੰ ਵੀ, ਬਸ਼ਰਤੇ ਉਹ ਕਿਸੇ ਹੋਰ ਆਰਥਿਕ ਏਜੰਸੀ ਦੇ ਘੇਰੇ ਵਿਚ ਨਾ ਆਉਂਦੇ ਹੋਣ।

12. ਸਹਿਕਾਰੀ ਸੰਸਥਾਵਾਂ ਦੇ ਕਰਜ਼ਾ ਲੈਣ ਵਾਲੇ ਮੈਂਬਰਾਂ ਦੀਆਂ ਕਰਜ਼ੇ ਸਬੰਧੀ ਜ਼ਰੂਰਤਾਂ ਪ੍ਰਾਥਮਿਕ ਖੇਤੀਬਾੜੀ ਸਹਿਕਾਰੀ ਸੰਮਤੀਆਂ/(ਪੀ ਏ ਸੀ ਐਸ)/ਐਲ ਏ ਐਮ ਪੀ ਐਸ/ਐਫ ਐਸ ਐਸ ਆਦਿ ਦੁਆਰਾ ਪੂਰੀਆਂ ਕੀਤੀਆਂ ਜਾਣਗੀਆਂ। ਪਰੰਤੂ, ਵਪਾਰਕ ਬੈਂਕਾਂ ਦੀਆਂ ਸ਼ਾਖਾਵਾਂ ਸਹਿਕਾਰੀ ਸੰਮਤੀਆਂ ਦੇ ਕਰਜ਼ਾ ਨਾ ਲੈਣ ਵਾਲੇ ਮੈਂਬਰਾਂ ਨੂੰ ਆਰਥਿਕ ਸਹਾਇਤਾ ਦੇ ਸਕਦੀਆਂ ਹਨ ਜਿਸ ਲਈ ਸਹਿਕਾਰੀ ਸੰਮਤੀਆਂ ਤੇਜੀ ਨਾਲ ਸਾਧਾਰਨ ਕੋਈ ਬਕਾਇਆ ਨਹੀਂ ਸਰਟੀਫਿਕੇਟ ਜਾਰੀ ਕਰਨਗੀਆਂ।

(ਖ) ਪਹਿਲ ਤੇ ਆਧਾਰਿਤ ਕਦਮ

13. ਖੜੀਆਂ ਫਸਲਾਂ/ਬਗੀਚਿਆਂ/ਦਰਖਤਾਂ ਸਮੂਹਾਂ ਆਦਿ ਨੂੰ ਬਚਾਉਣ ਅਤੇ ਨਵਾਂ ਬਣਾਉਣ ਲਈ ਆਰਥਿਕ ਸਹਾਇਤਾ ਸਹਿਤ ਤੁਰੰਤ ਸਹਾਇਤਾ ਦੀ ਜ਼ਰੂਰਤ ਹੋਵੇਗੀ। ਪਸ਼ੂਆਂ ਦੇ ਸ਼ੈਡ, ਅਨਾਜ ਅਤੇ ਚਾਰੇ ਦੇ ਭੰਡਾਰਾਂ ਨਾਲੀਆਂ, ਪੰਪਾਂ, ਮੋਟਰਾਂ, ਇੰਜਣਾਂ ਅਤੇ ਹੋਰ ਜ਼ਰੂਰੀ ਔਜ਼ਾਰਾਂ ਦੀ ਸੁਰੱਖਿਆ ਅਤੇ ਉਨ੍ਹਾਂ ਦੀ ਮੁਰੰਮਤ ਦਾ ਕੰਮ ਵੀ ਉਨ੍ਹਾਂ ਹੀ ਮਹੱਤਵਪੂਰਨ

ਹੋਵੇਗਾ। ਰੁੱਤਾਂ ਅਨੁਕੂਲ ਜ਼ਰੂਰਤਾਂ ਦੇ ਆਧਾਰ ਤੇ ਅਗਲੀ ਫਸਲ ਲਈ ਆਰਥਿਕ ਸਹਾਇਤਾ ਦੇ ਕੰਮ ਨੂੰ ਹੱਥ ਵਿਚ ਲੈਣਾ ਚਾਹੀਦਾ ਹੈ।

II. **ਖੇਤੀਬਾੜੀ ਸਬੰਧੀ ਕਰਜ਼ੇ**

14. ਖੇਤੀਬਾੜੀ ਦੇ ਸਬੰਧ ਵਿਚ ਫਸਲਾਂ ਉਗਾਉਣ ਦੇ ਉਦੇਸ਼ ਅਤੇ ਦੁੱਧ ਦੇਣ ਵਾਲੇ/ਖਿਚਾਈ ਕਰਨ ਵਾਲੇ ਪਸ਼ੂਆਂ ਦੀ ਖਰੀਦ, ਵਰਤਮਾਨ ਟਿਯੂਬਵੈਲਾਂ ਅਤੇ ਪੰਪਸੈਟਾਂ ਦੀ ਮੁਰੰਮਤ, ਨਵੇਂ ਟਿਯੂਬਵੈਲ ਲਗਾਉਣ ਅਤੇ ਨਵੇਂ ਪੰਪਸੈਟ ਲਗਾਉਣ ਭੂਮੀ ਨੂੰ ਸੁਧਾਰਨ, ਮਿੱਟੀ/ਰੇਤਾ ਹਟਾਉਣ, ਖੜੀਆਂ ਫਸਲਾਂ/ਬਗੀਚਿਆਂ/ਦਰਖਤ ਸਮੂਹਾਂ ਆਦਿ ਦੀ ਸੁਰੱਖਿਆ ਅਤੇ ਉਨ੍ਹਾਂ ਨੂੰ ਨਵਾਂ ਬਣਾਉਣ ਲਈ, ਪਸ਼ੂਆਂ ਦੇ ਸ਼ੈਡਾਂ, ਅਨਾਜ ਅਤੇ ਚਾਰੇ ਦੇ ਭੰਡਾਰਾਂ ਦੀ ਮੁਰੰਮਤ ਅਤੇ ਸੁਰੱਖਿਆ ਲਈ ਛੋਟੀ ਅਵਧੀ ਦੇ ਕਰਜ਼ਿਆਂ (ਫਸਲੀ ਕਰਜ਼ਿਆਂ) ਦੇ ਰੂਪ ਵਿਚ ਬੈਂਕ ਸਹਾਇਤਾ ਦੀ ਲੋੜ ਪਵੇਗੀ। ਬੈਂਕ ਹੋਰ ਗੱਲਾਂ ਤੋਂ ਇਲਾਵਾ ਫਸਲਾਂ ਨੂੰ ਹੋਈ ਹਾਨੀ/ਆਰਥਿਕ ਸਹਾਇਤਾ ਦੇ ਪੈਮਾਨੇ ਅਤੇ ਕਰਜ਼ਾ ਲੈਣ ਵਾਲਿਆਂ ਦੀ ਕਰਜ਼ਾ ਮੋੜਨ ਦੀ ਸਮਰੱਥਾ ਤੇ ਵਿਚਾਰ ਕਰਦਿਆਂ, ਖੁਦ ਹੀ ਨਵੇਂ ਕਰਜ਼ਿਆਂ ਦੀ ਮਾਤਰਾ ਨਿਸ਼ਚਿਤ ਕਰ ਸਕਦੇ ਹਨ।

(ੳ) **ਫਸਲੀ ਕਰਜ਼ੇ**

(ੳ) **ਹੋਏ ਨੁਕਸਾਨ ਦੀ ਪਛਾਣ :**

15. ਕੁਦਰਤੀ ਮੁਸੀਬਤਾਂ ਦੇ ਮਾਮਲੇ ਵਿਚ ਜਿਵੇਂ ਕਿ ਸੋਕਾ, ਹੜ੍ਹ ਆਦਿ ਸਰਕਾਰੀ ਅਧਿਕਾਰੀਆਂ ਨੇ ਫਸਲਾਂ ਨੂੰ ਹੋਏ ਨੁਕਸਾਨ ਦਾ ਜਾਇਜਾ ਲੈਣ ਲਈ ਗਿਰਦਾਵਰੀ ਕਰਵਾਉਣ ਦੀ ਘੋਸ਼ਣਾ ਕੀਤੀ ਹੋਵੇਗੀ। ਪਰੰਤੂ, ਜਿੱਥੇ ਅਜਿਹੀ ਘੋਸ਼ਣਾ ਨਾ ਕੀਤੀ ਗਈ ਹੋਵੇ ਉਥੇ ਬੈਂਕਾਂ ਨੂੰ ਰੂਪਾਂਤਰਣ ਸੁਵਿਧਾਵਾਂ ਪ੍ਰਦਾਨ ਕਰਨ ਵਿਚ ਦੇਰੀ ਨਹੀਂ ਕਰਨੀ ਚਾਹੀਦੀ, ਅਤੇ ਡੀ ਸੀ ਸੀ ਦੀ ਸਲਾਹ ਦੇ ਆਧਾਰ ਤੇ (ਜਿਸ ਲਈ ਇਕ ਵਿਸ਼ੇਸ਼ ਮੀਟਿੰਗ ਬੁਲਾਣੀ ਪੈ ਸਕਦੀ ਹੈ)

ਜ਼ਿਲ੍ਹਾ ਕੁਲੈਕਟਰ ਦਾ ਅਜਿਹਾ ਸਰਟੀਫਿਕੇਟ ਕਿ ਫਸਲ ਦੀ ਪੈਦਾਵਾਰ ਆਮ ਪੈਦਾਵਰ ਦੀ 50 ਫੀਸਦੀ ਤੋਂ ਘੱਟ ਹੋਈ ਹੈ, ਛੇਤੀ ਰਾਹਤ ਪ੍ਰਬੰਧ ਸ਼ੁਰੂ ਕਰਨ ਲਈ ਕਾਫੀ ਹੋਣਾ ਚਾਹੀਦਾ ਹੈ। ਕੁਲੈਕਟਰ ਦਾ ਸਰਟੀਫਿਕੇਟ ਵੱਖੋ ਵੱਖ ਫਸਲ ਅਨੁਸਾਰ ਅਨਾਜ ਵਾਲੀਆਂ ਫਸਲਾਂ ਸਮੇਤ ਸਾਰੀਆਂ ਫਸਲਾਂ ਬਾਰੇ ਹੋਣਾ ਚਾਹੀਦਾ ਹੈ। ਪਰੰਤੂ ਨਕਦੀ ਫਸਲਾਂ ਬਾਰੇ ਅਜਿਹੇ ਸਰਟੀਫਿਕੇਟ ਜਾਰੀ ਕਰਨ ਦਾ ਕੰਮ ਕੁਲੈਕਟਰ ਦੀ ਆਪਣੀ ਮਰਜ਼ੀ ਤੇ ਛੱਡਿਆ ਜਾ ਸਕਦਾ ਹੈ। ਜਾਂ ਫਿਰ, ਸੋਕੇ, ਹੜ੍ਹ ਆਦਿ ਵਰਗੀਆਂ ਕੁਦਰਤੀ ਮੁਸੀਬਤਾਂ ਦੇ ਵਾਪਰਨ ਤੇ ਜ਼ਿਲ੍ਹਾ ਕੁਲੈਕਟਰ ਲੀਡ ਬੈਂਕ ਅਧਿਕਾਰੀ ਨੂੰ ਡੀ ਸੀ ਸੀ ਦੀ ਮੀਟਿੰਗ ਬੁਲਾਉਣ ਲਈ ਕਹਿ ਸਦਾ ਹੈ ਅਤੇ ਕੁਦਰਤੀ ਮੁਸੀਬਤ ਨਾਲ ਪ੍ਰਭਾਵਿਤ ਇਲਾਕੇ ਵਿਚ ਫਸਲਾਂ ਨੂੰ ਹੋਈ ਹਾਨੀ ਬਾਰੇ ਇਕ ਰਿਪੋਰਟ ਡੀ ਸੀ ਸੀ ਨੂੰ ਸੌਂਪ ਸਕਦਾ ਹੈ। ਜੇਕਰ ਡੀ ਸੀ ਸੀ ਨੂੰ ਇਹ ਤਸੱਲੀ ਹੋਵੇ ਕਿ ਕੁਦਰਤੀ ਮੁਸੀਬਤ ਕਾਰਨ ਫਸਲਾਂ ਨੂੰ ਬਹੁਤ ਨੁਕਸਾਨ ਪੁੱਜਿਆ ਹੈ ਤਾਂ ਸਥਾਈ ਮਾਰਗ ਦਰਸ਼ਕ ਲੀਹਾਂ ਅਨੁਸਾਰ ਫਸਲਾਂ ਸਬੰਧੀ ਕਰਜ਼ਿਆਂ ਦੇ ਰੂਪਾਂਤਰਣ/ਪੁਨਰ ਰਚਨਾ ਸਬੰਧੀ ਸੁਵਿਧਾਵਾਂ ਸਮੇਤ ਰਾਹਤ ਬਿਨਾਂ ਗਿਰਦਾਵਰੀ ਦੀ ਘੋਸ਼ਣਾ ਕੀਤੇ ਕਿਸਾਨਾਂ ਨੂੰ ਪ੍ਰਦਾਨ ਕੀਤੀ ਜਾ ਸਦੀ ਹੈ।

(ਅ) ਨਵੇਂ ਕਰਜ਼ੇ ਜਾਰੀ ਕਰਨਾ ਅਤੇ ਵਰਤਮਾਨ ਕਰਜ਼ਿਆਂ ਦੀ ਪੁਨਰ ਰਚਨਾ

16. ਕੁਦਰਤੀ ਮੁਸੀਬਤ ਦੇ ਵਾਪਰਨ ਤੇ ਕਰਜ਼ਾ ਲੈਣ ਵਾਲਿਆਂ ਦੀ ਆਰਥਿਕ ਸਹਾਇਤਾ ਵਿਚ ਹੇਠ ਲਿਖੀਆਂ ਸ਼ਾਮਲ ਹੋਣਗੀਆਂ:

(i) ਖਪਤ ਸਬੰਧੀ ਕਰਜ਼ੇ

(ii) ਵਪਾਰ ਨੂੰ ਸਾਧਾਰਨ ਪੱਧਰ ਤੇ ਮੁੜ ਤੋਂ ਚਲਾਉਣ ਲਈ ਨਵੇਂ ਕਰਜ਼ੇ

(iii) ਵਰਤਮਾਨ ਕਰਜ਼ਿਆਂ ਦੀ ਪੁਨਰ ਰਚਨਾ

(i) ਖਪਤ ਸਬੰਧੀ ਕਰਜ਼ੇ

17. ਵਿਸਤ੍ਰਿਤ ਨਿਰਦੇਸ਼ਾਂ ਅਨੁਸਾਰ, ਵਰਤਮਾਨ ਕਰਜ਼ਦਾਰਾਂ ਨੂੰ ਆਮ ਖਪਤ ਦੇ ਉਦੇਸ਼ਾਂ ਲਈ 250/-ਰੁਪਏ ਤੱਕ ਦੇ ਕਰਜ਼ੇ ਮਨਜ਼ੂਰ ਕੀਤੇ ਜਾ ਸਕਦੇ ਹਨ ਅਤੇ ਜਿਨ੍ਹਾਂ ਕਰਜ਼ਿਆਂ ਵਿਚ ਰਾਜ ਸਰਕਾਰਾਂ ਨੇ ਅਜਿਹੇ ਕਰਜ਼ਿਆਂ ਲਈ ਜੋਖਮ ਰਾਸ਼ੀਆਂ ਦੀ ਵਿਵਸਥਾ ਕੀਤੀ ਹੋਵੇ ਉਥੇ ਇਹ ਸੀਮਾ 1000/-ਰੁਪਏ ਤੱਕ ਵਧਾਈ ਜਾ ਸਕਦੀ ਹੈ। ਵਰਤਮਾਨ ਸੀਮਾਵਾਂ ਨੂੰ 10,000/-ਰੁਪਏ ਤੱਥ ਬਿਨਾ ਕੁਲੈਕਟਰਲ ਸਿਕਿਉਰਿਟੀ ਦੇ ਵਧਾਇਆ ਜਾ ਸਦਾ ਹੈ ਅਤੇ ਅਜਿਹੇ ਕਰਜ਼ੇ ਉਦੋਂ ਵੀ ਪ੍ਰਦਾਨ ਕੀਤੇ ਜਾਂਦੇ ਹਨ ਜਦੋਂ ਕਿਸੇ ਜੋਖਮ ਰਾਸ਼ੀ ਦੀ ਵਿਵਸਥਾ ਨਾ ਕੀਤੀ ਗਈ ਹੋਵੇ। ਇਸ ਤੋਂ ਇਲਾਵਾ, ਬੈਂਕ ਆਪਣੀ ਮਰਜ਼ੀ ਨਾਲ ਇਸ ਸੀਮਾ ਨੂੰ 10,000/-ਰੁਪਏ ਤੋਂ ਜਿਆਦਾ ਵੀ ਵਧਾ ਸਕਦਾ ਹੈ।

(ii) ਨਵੇਂ ਕਰਜ਼ੇ

18. ਉਤਪਾਦਕ ਗਤੀਵਿਧੀਆਂ ਨੂੰ ਮੁੜ ਤੋਂ ਸ਼ੁਰੂ ਕਰਨ ਲਈ ਉਚਿੱਤ ਸਮੇਂ ਤੇ ਨਵੀਂ ਆਰਥਿਕ ਸਹਾਇਤਾ ਨਾ ਕੇਵਲ ਵਰਤਮਾਨ ਕਰਜ਼ਦਾਰਾਂ ਨੂੰ ਪ੍ਰਦਾਨ ਕੀਤੀ ਜਾਵੇ ਸਗੋਂ ਦੂਜੇ ਯੋਗ ਕਰਜ਼ਦਾਰਾਂ ਨੂੰ ਵੀ/ਵਰਤਮਾਨ ਖਾਤਿਆਂ ਦੀ ਸਥਿਤੀ ਦੇ ਬਾਵਜੂਦ ਕਰਜ਼ਦਾਰਾਂ ਨੂੰ ਮਨਜ਼ੂਰ ਕੀਤੇ ਨਵੇਂ ਕਰਜ਼ੇ ਵੀ ਵਰਤਮਾਨ ਬਕਾਏ ਮੰਨੇ ਜਾਣਗੇ।

(iii) ਵਰਤਮਾਨ ਕਰਜ਼ਿਆਂ ਦੀ ਪੁਨਰ ਰਚਨਾ

19. ਕਿਉਂਕਿ ਆਰਥਿਕ ਧੰਦਿਆਂ ਦੇ ਵਿਨਾਸ਼ ਅਤੇ ਆਰਥਿਕ ਸੰਪੱਤੀ ਦੇ ਨੁਕਸਾਨ ਕਾਰਨ ਕੁਦਰਤੀ ਮੁਸੀਬਤਾਂ ਨਾਲ ਪ੍ਰਭਾਵਿਤ ਲੋਕਾਂ ਦੀ ਕਰਜ਼ਾ ਮੋੜਨ ਦੀ ਸਮਰੱਥਾ ਵਿਗੜ ਜਾਂਦੀ ਹੈ, ਇਸ ਲਈ ਕੁਦਰਤੀ ਮੁਸੀਬਤ ਨਾਲ ਪ੍ਰਭਾਵਿਤ ਖੇਤਰ ਵਿਚ ਕਰਜ਼ੇ ਮੋੜਨ ਵਿਚ ਰਾਹਤ ਦੇਣਾ ਜ਼ਰੂਰੀ ਹੁੰਦਾ ਹੈ, ਅਤੇ ਇਸ ਲਈ ਵਰਤਮਾਨ ਕਰਜ਼ਿਆਂ ਦੀ ਪੁਨਰ ਰਚਨਾ ਜ਼ਰੂਰੀ ਹੋਵੇਗੀ। ਛੋਟੀ ਅਵਧੀ ਦੇ ਕਰਜ਼ੇ ਦਾ ਮੂਲਧੰਨ ਅਤੇ ਕੁਦਰਤੀ ਮੁਸੀਬਤ ਦੇ ਵਾਪਰਨ ਦੇ ਵਰ੍ਹੇ ਦੌਰਾਨ ਉਸ ਤੇ ਦੇਣਯੋਗ ਵਿਆਜ ਨੂੰ ਮਿਆਦੀ ਕਰਜ਼ੇ ਵਿਚ ਬਦਲਿਆ

ਜਾ ਸਕਦਾ ਹੈ। ਮਿਆਦੀ ਕਰਜ਼ਿਆਂ ਦੇ ਮਾਮਲੇ ਵਿਚ ਕੁਦਰਤੀ ਮੁਸੀਬਤ ਵਾਪਰਨ ਦੇ ਵਰ੍ਹੇ ਦੌਰਾਨ ਮੋੜਨਯੋਗ ਮੂਲਧੰਨ ਦੀ ਕਿਸ਼ਤ ਅਤੇ ਵਿਆਜ ਨੂੰ ਵੀ ਮਿਆਦੀ ਕਰਜ਼ੇ ਵਿਚ ਬਦਲਿਆ ਜਾ ਸਕਦਾ ਹੈ।

20. ਪੁਨਰ ਰਚਨਾ ਕੀਤੇ ਮਿਆਦੀ ਕਰਜ਼ੇ ਨੂੰ ਵਾਪਸ ਮੋੜਨ ਦੀ ਅਵਧੀ ਕੁਦਰਤੀ ਮੁਸੀਬਤ ਦੀ ਗੰਭੀਰਤਾ ਅਤੇ ਇਸ ਦੀ ਦੁਹਰਾਈ, ਆਰਥਿਕ ਸੰਪੱਤੀ ਦੀ ਹਾਨੀ ਕਾਰਨ ਹੋਈ ਪ੍ਰੇਸ਼ਾਨੀ ਅਨੁਸਾਰ ਵੱਖ-ਵੱਖ ਹੋ ਸਕਦੀ ਹੈ। ਆਮ ਤੌਰ ਤੇ ਪੁਨਰ ਰਚਨਾ ਦੇ ਆਧਾਰ ਤੇ ਕਰਜ਼ਾ ਮੋੜਨ ਦੀ ਅਵਧੀ 3 ਤੋਂ 5 ਸਾਲ ਹੋ ਸਕਦੀ ਹੈ। ਪਰੰਤੂ ਜਿੱਥੇ ਕੁਦਰਤੀ ਮੁਸੀਬਤ ਕਾਰਨ ਹਾਨੀ ਬਹੁਤ ਗੰਭੀਰ ਹੈ, ਬੈਂਕ ਆਪਣੀ ਇੱਛਾ ਅਨੁਸਾਰ ਕਰਜ਼ਾ ਮੋੜਨ ਦੀ ਅਵਧੀ ਨੂੰ 7 ਸਾਲਾਂ ਤੱਕ ਵਧਾ ਸਕਦੇ ਹਨ ਅਤੇ ਸਭ ਤੋਂ ਜਿਆਦਾ ਮੁਸੀਬਤ ਵਾਲੇ ਮਾਮਲਿਆਂ ਵਿਚ ਕਾਰਜਦਲ/ਐਸ ਐਲ ਬੀ ਸੀ ਨਾਲ ਵਿਚਾਰ ਵਟਾਂਦਰਾ ਉਪਰੰਤ ਕਰਜ਼ਾ ਮੋੜਨ ਦੀ ਅਵਧੀ ਨੂੰ 10 ਸਾਲਾਂ ਤੱਕ ਵਧਾਇਆ ਜਾ ਸਦਾ ਹੈ।

21. ਪੁਨਰ ਰਚਨਾ ਦੇ ਸਾਰੇ ਮਾਮਲਿਆਂ ਵਿਚ ਕਰਜ਼ਾ ਮੋੜਨ ਵਿਚ ਘੱਟੋ ਘੱਟ ਇਕ ਸਾਲ ਦੀ ਕਾਨੂੰਨੀ ਮੁਹਲਤ ਦਿੱਤੀ ਜਾਣੀ ਚਾਹੀਦੀ ਹੈ। ਇਸ ਤੋਂ ਇਲਾਵਾ ਬੈਂਕਾਂ ਨੂੰ ਅਜਿਹੇ ਪੁਨਰ ਰਚਨਾ ਕੀਤੇ ਕਰਜ਼ਿਆਂ ਦੇ ਮਾਮਲੇ ਵਿਚ ਅਤਿਰਿਕਤ ਕੁਲੈਕਟਰਲ ਸਿਕਿਉਰਿਟੀ ਦੀ ਮੰਗ ਨਹੀਂ ਕਰਨੀ ਚਾਹੀਦੀ। ਪੁਨਰ ਰਚਨਾ ਕੀਤੇ ਕਰਜ਼ਿਆਂ ਲਈ ਵਰਤਮਾਨ ਮਾਰਗਦਰਸ਼ਕ ਲੀਹਾਂ ਅਨੁਸਾਰ ਸੰਪੱਤੀ ਦਾ ਵਰਗੀਗਰਣ ਇਕ ਸਾਲ ਦੀ ਅਵਧੀ ਲਈ ਉਹੀ ਰਹੇਗਾ ਜੋ ਕਿ ਪੁਨਰ ਰਚਨਾ ਸਮੇਂ ਸੀ। ਇਨ੍ਹਾਂ ਕਰਜ਼ਿਆਂ ਦੀ ਸੰਪੱਤੀ ਦੇ ਵਰਗੀਕਰਣ ਦੀ ਸਥਿਤੀ ਹੇਠ ਲਿਖੇ ਅਨੁਸਾਰ ਹੋਵੇਗੀ:

(ੳ) ਛੋਟੀ ਅਵਧੀ ਦੇ ਕਰਜ਼ਿਆਂ ਅਤੇ ਮਿਆਦੀ ਕਰਜ਼ਿਆਂ ਦੀ ਪੁਨਰ ਰਚਨਾ ਕੀਤਾ ਗਿਆ ਉਹ ਭਾਗ ਜਿਸ ਨੂੰ ਨਵੇਂ ਕਰਜ਼ੇ ਦੇ ਰੂਪ ਵਿਚ ਬਦਲਿਆ ਗਿਆ ਹੈ, ਨੂੰ

ਵਰਤਮਾਨ ਦੇਣਦਾਰੀਆਂ ਮੰਨਿਆ ਜਾ ਸਕਦਾ ਹੈ ਅਤੇ ਇਸ ਨੂੰ ਐਨ ਸੀ ਏ ਦਾ ਦਰਜਾ ਦੇਣ ਦੀ ਜ਼ਰੂਰਤ ਨਹੀਂ। ਉਸ ਤੋਂ ਬਾਅਦ ਇਨ੍ਹਾਂ ਨਵੇਂ ਮਿਆਦੀ ਕਰਜ਼ਿਆਂ ਦੀ ਸੰਪੱਤੀ ਨਾ ਵਰਗੀਕਰਣ ਨਵੀਆਂ ਸ਼ਰਤਾਂ ਅਨੁਸਾਰ ਨਿਯੰਤ੍ਰਿਤ ਕੀਤਾ ਜਾਵੇਗਾ ਅਤੇ ਜੇਕਰ ਮੂਲਧੰਨ ਅਤੇ / ਜਾਂ ਵਿਆਜ ਦੀ ਕਿਸ਼ਤ ਘੱਟ ਅਵਧੀ ਦੀਆਂ ਫਸਲਾਂ ਦੇ ਦੋ ਫਸਲੀ ਚੋਕਰਾਂ ਤੋਂ ਵੱਖ ਸਮੇਂ ਤੱਕ ਅਤੇ ਲੰਬੀ ਅਵਧੀ ਦੀਆਂ ਫਸਲਾਂ ਦੇ ਇਕ ਚੱਕਰ ਤੋਂ ਵੱਧ ਸਮੇਂ ਤੱਕ ਮੋੜੀ ਨਹੀਂ ਜਾਂਦੀ ਤਾਂ ਇਸ ਨੂੰ ਐਨ ਪੀ ਏ ਮੰਨ ਲਿਆ ਜਾਵੇਗਾ।

(ਅ) ਬਾਕੀ ਦੇ ਬਕਾਇਆ ਕੁਲਧੰਨ, ਜਿਸ ਦੀ ਪੁਨਰ ਰਚਨਾ ਨਹੀਂ ਕੀਤੀ ਗਈ ਹੈ, ਦੇ ਸੰਪੱਤੀ ਵਰਗੀਕਰਣ ਦਾ ਨਿਯੰਤ੍ਰਣ ਮੂਲ ਸ਼ਰਤਾਂ ਦੁਆਰਾ ਹੀ ਜਾਰੀ ਰਹੇਗਾ। ਇਸ ਦੇ ਫਲਸਵਰੂਪ, ਕਰਜ਼ੇ ਦੇਣ ਵਾਲੇ ਬੈਂਕ ਦੁਆਰਾ ਕਰਜ਼ਦਾਰ ਤੋਂ ਵਸੂਲ ਕੀਤੀ ਜਾਣ ਵਾਲੀਆਂ ਰਾਸ਼ੀਆਂ ਦਾ ਸੰਪੱਤੀ ਵਰਗੀਕਰਣ ਵੱਖ-ਵੱਖ ਸ੍ਰੇਣੀਆਂ ਅਧੀਨ ਕੀਤਾ ਜਾ ਸਕਦਾ ਹੈ, ਜਿਵੇਂ ਕਿ ਮਿਆਰੀ, ਉਪ-ਮਿਆਰੀ, ਸੰਦੇਹਪੂਰਣ ਘਾਟਾ।

(ੲ) ਅਤਿਰਿਕਤ ਕਰਜ਼ੇ ਜੇਕਰ ਕੋਈ ਹੋਵੇ, ਨੂੰ ਮਿਆਰੀ ਸੰਪੱਤੀ ਮੰਨਿਆ ਜਾ ਸਕਦਾ ਹੈ ਅਤੇ ਭਵਿੱਖ ਵਿਚ ਇਸ ਦੇ ਸੰਪੱਤੀ ਵਰਗੀਕਰਣ ਦਾ ਨਿਯੰਤ੍ਰਣ ਇਸ ਦੀ ਮਨਜ਼ੂਰੀ ਦੀਆਂ ਸ਼ਰਤਾਂ ਦੁਆਰਾ ਕੀਤਾ ਜਾਵੇਗਾ।

22. ਬੈਂਕਾਂ ਦੁਆਰਾ ਆਪਣੀ ਮਰਜ਼ੀ ਨਾਲ ਕੁਦਰਤੀ ਮੁਸੀਬਤ ਨਾਲ ਪ੍ਰਭਾਵਿਤ ਸਵੈ ਸਹਾਇਕ ਸਮੂਹਾਂ ਲਈ ਕਰਜ਼ਾ ਦੇਣ ਦੀਆਂ ਅਤੇ ਹੋਰ ਸ਼ਰਤਾਂ ਵਿਚ ਢੀਲ ਦਿੱਤੀ ਜਾ ਸਕਦੀ ਹੈ। ਇਸੇ ਤਰ੍ਹਾਂ ਫੁਟਕਲ ਜਾਂ ਗ੍ਰਾਹਕ ਕਰਜ਼ਿਆਂ ਦੇ ਖੇਤਰ ਵਿਚ ਬੈਂਕ ਹਰੇਕ ਮਾਮਲੇ ਦੀ ਉਚਿੱਤਤਾ ਦੇ ਆਧਾਰ ਤੇ ਕਰਜ਼ਿਆਂ ਦੀ ਪੁਨਰ ਰਚਨਾ ਕਰ ਸਕਦੇ ਹਨ।

23 ਜੇਕਰ ਕਰਜ਼ਿਆਂ ਦੀ ਪੁਨਰ ਰਚਨਾ ਦਾ ਕੰਮ ਕੁਦਰਤੀ ਮੁਸੀਬਤ ਦੇ ਤਿੰਨ ਮਹੀਨਿਆਂ ਦੀ ਅਵਧੀ ਅੰਦਰ ਪੂਰਾ ਕਰਤ ਲਿਆ ਜਾਂਦਾ ਹੈ ਤਾਂ ਕੁਦਰਤੀ ਮੁਸੀਬਤ ਦੀ ਮਿਤੀ ਵਾਲੇ ਦਿਨ ਪੁਨਰ ਰਚਨਾ ਕੀਤੇ ਖਾਤਿਆਂ ਦਾ ਸੰਪੱਤੀ ਵਰਗੀਕਰਣ ਜਾਰੀ ਰਹੇਗਾ। ਪੁਨਰ ਰਚਨਾ ਕੀਤੇ ਇਨ੍ਹਾ ਖਾਤਿਆਂ ਦਾ ਨਿਯੰਤ੍ਰਣ ਵਿਸ਼ੇਸ਼ ਸਰਕੂਲਰ ਡੀ ਬੀ ਓ ਡੀ ਨੰਃ ਬੀ ਪੀ. ਬੀ ਸੀ. 15/21.04.048/2006-07 ਮਿਤੀ 01 ਜੁਲਾਈ, 2006 ਦੇ ਪੈਰਾ 4.2.14 ਤੋਂ 4.2.16 ਵਿਚ ਸ਼ਾਮਲ ਅਜਿਹੇ ਖਾਤਿਆਂ ਤੇ ਲਾਗੂ ਹੋਣ ਵਾਲਿਆਂ ਮਾਰਗਦਰਸ਼ਕ ਲੀਹਾਂ ਦੁਆਰਾ ਕੀਤਾ ਜਾਵੇਗਾ। ਉਪ ਮਿਆਰੀ ਖਾਤਿਆਂ ਤੇ ਲਾਗੂ ਹੋਣ ਵਾਲੀਆਂ ਮਾਰਗਦਰਸ਼ਕ ਲੀਹਾਂ ਸੰਦੇਹਪੂਰਣ ਖਾਤਿਆਂ ਤੇ ਵੀ mutatis mutandis.

(ੲ) ਰੂਪਾਂਤਰਣ ਸੁਵਿਧਾਵਾਂ ਪ੍ਰਦਾਨ ਕਰਨ ਲਈ ਹੋਰ ਮਾਰਗਦਰਸ਼ ਲੀਹਾਂ

23.i ਜਿੱਥੋਂ ਤੱਕ ਸੰਭਵ ਹੋਵੇ, ਇਹ ਚੰਗਾ ਹੋਵੇਗਾ ਕਿ ਰੂਪਾਂਤਰਿਤ ਕਰਜ਼ੇ ਅਤੇ ਵਧਾਏ ਗਏ ਮਿਆਦੀ ਕਰਜ਼ਿਆਂ ਦੀਆਂ ਕਿਸ਼ਤਾਂ ਦੇ ਭੁਗਤਾਨ ਲਈ ਸਮਾਨ ਮਿਤੀਆਂ ਹੀ ਨਿਰਧਾਰਿਤ ਕੀਤੀਆਂ ਜਾਣ।

ii ਛੋਟੀ ਅਵਧੀ ਦੇ ਸਾਰੇ ਕਰਜ਼ੇ, ਉਨ੍ਹਾਂ ਨੂੰ ਛੱਡ ਕੇ ਜੋ ਕਿ ਕੁਦਰਤੀ ਮੁਸੀਬਤ ਦੇ ਵਾਪਰਨ ਸਮੇਂ ਓਵਰਡਿਯੂ ਹੋਣ, ਰੂਪਾਂਤਰਣ ਸੁਵਿਧਾਵਾਂ ਲਈ ਯੋਗ ਹੋਣੇ ਚਾਹੀਦੇ ਹਨ।

iii ਛੋਟੀ ਅਵਧੀ ਦੇ ਕਰਜ਼ਿਆਂ ਦੇ ਰੂਪਾਂਤਰਣ ਦਾ ਮਾਮਲਾ ਵਿਚਾਰ ਅਧੀਨ ਹੋਣ ਸਮੇਂ ਬੈਂਕ ਪ੍ਰਭਾਵਿਤ ਕਿਸਾਨਾਂ ਨੂੰ ਨਵੇਂ ਫਸਲੀ ਕਰਜ਼ੇ ਮਨਜ਼ੂਰ ਕਰ ਸਕਦੇ ਹਨ।

iv ਬੈਂਕਾਂ ਦੁਆਰਾ ਛੋਟੀ ਅਵਧੀ ਦੇ ਉਤਪਾਦਨ ਸਬੰਧੀ ਕਰਜ਼ਿਆਂ ਦੇ ਰੂਪਾਂਤਰਣ ਦਾ ਕੰਮ ਪ੍ਰਭਾਵਿਤ ਕਿਸਾਨਾਂ ਨੂੰ ਨਵੇਂ ਫਸਲੀ ਕਰਜ਼ੇ ਮਨਜ਼ੂਰ ਕਰਨ ਸਮੇਂ ਭੁਗਤਾਨ ਦੀਆਂ ਮਿਤੀਆਂ ਦੀ ਉਡੀ ਕੀਤੇ ਬਿਨਾਂ ਆਪਣੇ ਹੱਥ ਵਿਚ ਲੈਣਾ ਚਾਹੀਦਾ ਹੈ, ਜਿਨ੍ਹਾਂ ਬਾਰੇ ਅਜਿਹੇ ਕਰਜ਼ਿਆਂ ਨੂੰ ਮਨਜ਼ੂਰ ਕਰਨ ਸਮੇਂ ਵਿਚਾਰਿਆ ਜਾਂਦਾ ਹੈ।

v ਇਸੇ ਤਰ੍ਹਾਂ ਮਿਆਦੀ ਕਰਜ਼ਿਆਂ ਦੇ ਸਬੰਧ ਵਿਚ ਮੂਲਧੰਨ ਅਤੇ ਵਿਆਜ ਦੀਆਂ ਕਿਸ਼ਤਾਂ ਵੀ 3 ਸਾਲਾਂ ਲਈ ਨਵੇਂ ਸਿਰੇ ਤੋਂ ਨਿਰਧਾਰਿਤ ਕਰਨੀਆਂ ਚਾਹੀਦੀਆਂ ਹਨ, ਜਿਨ੍ਹਾਂ ਨੂੰ ਉਪਰੋਕਤ ਪੈਰਾ 15 ਵਿਚ ਦਰਸਾਏ ਹਾਲਾਤ ਅਨੁਸਾਰ ਜਿਆਦਾ ਅਵਧੀ ਤੱਕ ਵਧਾਇਆ ਜਾ ਸਕਦਾ ਹੈ।

vi ਰੂਪਾਂਤਰਿਤ ਕੀਤੇ ਕਰਜ਼ੇ ਤੇ ਵਸੂਲ ਕੀਤੀ ਜਾਣ ਵਾਲੀ ਵਿਆਜ ਦੀ ਦਰ ਉਹੀ ਹੋਣੀ ਚਾਹੀਦੀ ਹੈ ਜੋ ਕਿ ਛੋਟੀ ਅਵਧੀ ਦੇ ਕਰਜ਼ੇ ਤੇ ਵਸੂਲ ਕੀਤੀ ਜਾਂਦੀ ਹੈ।

vii ਜਿੱਥੇ ਕਿਸਾਨਾਂ ਨੂੰ ਰੂਪਾਂਤਰਣ/ਕਰਜ਼ਿਆਂ ਦੀਆਂ ਕਿਸ਼ਤਾਂ ਨੂੰ ਨਵੇਂ ਸਿਰੇ ਤੋਂ ਨਿਰਧਾਰਿਤ ਕਰਨ ਦੀ ਸੁਵਿਧਾ ਦਿੱਤੀ ਜਾਂਦੀ ਹੈ, ਉਥੇ ਅਜਿਹੇ ਰੂਪਾਂਤਰਿਤ ਨਵੇਂ ਸਿਰੇ ਤੋਂ ਨਿਰਧਾਰਿਤ ਕਿਸ਼ਤਾਂ ਦੀ ਰਾਸ਼ੀ ਨੂੰ ਵਰਤਮਾਨ ਦੇਣਦਾਰੀ ਮੰਨਿਆ ਜਾਣਾ ਚਾਹੀਦਾ ਹੈ ਅਤੇ ਬੈਂਕਾਂ ਦੁਆਰਾ ਵਿਆਜ ਨੂੰ ਇਸ ਤਰ੍ਹਾਂ ਰੂਪਾਂਤਰਿਤ/ਨਵੇਂ ਸਿਰਿਓਂ ਕਿਸ਼ਤਾਂ ਨਿਰਧਾਰਿਤ ਕੀਤੇ ਕਰਜ਼ਿਆਂ ਵਿਚ ਜੋੜਿਆਂ ਨਹੀਂ ਜਾਣਾ ਚਾਹੀਦਾ ।

(ਸ) ਤੇਜ਼ ਰਾਹਤ

24. ਕਾਰਗਰ ਬਣਾਉਣ ਲਈ, ਕਿਸਾਨਾਂ ਵਿਚ ਸਹਾਇਤਾ ਰਾਸ਼ੀ ਤੇਜ਼ਗਤੀ ਨਾਲ ਵੰਡਣੀ ਪਵੇਗੀ। ਇਸ ਉਦੇਸ਼ ਲਈ ਲੀਡ ਬੈਂਕ ਅਤੇ ਸਬੰਧਤ ਜਿਲ੍ਹੇ ਦੇ ਅਧਿਕਾਰੀਆਂ ਨੂੰ ਚਾਹੀਦਾ ਹੈ ਕਿ ਉਹ ਇਕ ਅਜਿਹੀ ਪ੍ਰਕਿਰਿਆ ਤਿਆਰ ਕਰਨ ਜਿਸ ਦੇ ਦੁਆਰਾ ਕਰਜ਼ਾ ਲੈਣ ਵਾਲਿਆਂ ਦੀ ਪਛਾਣ, ਸਰਕਾਰ, ਸਹਿਕਾਰੀ ਸੰਸਥਾਵਾਂ/ਬੈਂਕਾ ਦੇ ਬਕਾਏ ਬਾਰੇ ਸਰਟੀਫਿਕੇਟ ਜਾਰੀ ਕਰਨ ਦਾ ਕੰਮ ਬਿਨੈਕਾਰ ਦਾ ਜਮੀਨ ਪ੍ਰਤੀ ਟਾਈਟਲ ਆਦਿ ਬਾਰੇ ਜਾਣਕਾਰੀ ਇਕੋ ਸਮੇਂ ਪ੍ਰਾਪਤ ਕੀਤੀ ਜਾ ਸਕਦੀ ਹੈ।

25. ਜ਼ਿਲ੍ਹਾ ਅਧਿਕਾਰੀਆਂ ਨਾਲ ਸਲਾਹ ਮਸ਼ਵਰੇ ਦੁਆਰਾ ਕਰਜ਼ਿਆਂ ਲਈ ਕੈਂਪਾਂ ਦਾ ਆਯੋਜਨ ਕਰਵਾਉਣ ਦੀਆਂ ਸੰਭਾਵਨਾਵਾਂ ਦਾ ਪਤਾ ਲਗਾਇਆ ਜਾ ਸਕਦਾ ਹੈ ਜਿੱਥੇ ਖੰਡ ਵਿਕਾਸ

ਅਤੇ ਮਾਲ ਮਹਿਕਮੇ ਦੇ ਅਧਿਕਾਰੀ, ਸਹਿਕਾਰੀ ਇੰਸਪੈਕਸ਼ਨ, ਪੰਚਾਇਤ ਪ੍ਰਧਾਨ ਆਦਿ, ਮੌਕੇ ਤੇ ਹੀ ਅਰਜੀਆਂ ਬਾਰੇ ਫੈਸਲਾ ਕਰ ਸਦੇ ਹਨ। ਰਾਜ ਸਰਕਾਰ ਕੁਲੈਕਟਰਾਂ ਰਾਹੀਂ ਇਕ ਕਾਰਜਕਾਰੀ ਹੁਕਮ ਜਾਰੀ ਕਰਵਾਉਣ ਦਾ ਪ੍ਰਬੰਧ ਵੀ ਕਰੇਗੀ ਤਾਂ ਜੋ ਹੇਠ ਲਿਖੇ ਅਧਿਕਾਰੀ ਜਾਂ ਉਨ੍ਹਾਂ ਵੱਲੋਂ ਅਧਿਕ੍ਰਿਤ ਪ੍ਰਤੀਨਿਧੀ ਆਪਣੀਆਂ-ਆਪਣੀਆਂ ਡਿਊਟੀਆਂ ਅਤੇ ਜਿੰਮੇਵਾਰੀਆਂ,ਕ੍ਰੈਡਿਟ ਕੈਪਾਂ ਦੇ ਪ੍ਰੋਗਰਾਮ ਅਨੁਸਾਰ ਸੰਭਾਲ ਸਕਣ।

ੳ. ਖੰਡ ਵਿਕਾਸ ਅਧਿਕਾਰੀ

ਅ. ਸਹਿਕਾਰੀ ਇੰਸਪੈਕਟਰ

ੲ. ਮਾਲ ਅਧਿਕਾਰੀ/ਪਿੰਡ ਦਾ ਮਾਲ ਸਹਾਇਕ

ਸ. ਉਸ ਖੇਤਰ ਵਿਚ ਕੰਮ ਕਰ ਰਹੇ ਬੈਂਕ ਦਾ ਅਧਿਕਾਰੀ

ਹ. ਪੀ ਏ ਸੀ ਐਸ/ਐਲ ਏ ਐਮ ਪੀ ਐਸ/ਐਫ ਐਸ ਐਸ

ਕ. ਗ੍ਰਾਮ ਪੰਚਾਇਤ ਪ੍ਰਧਾਨ

ਦੇਰੀ ਤੋਂ ਬਚਣ ਲਈ, ਉਹ ਫਾਰਮ ਜਿਨ੍ਹਾਂ ਉਪਰ ਰਾਜ ਸਰਕਾਰ ਦੇ ਅਧਿਕਾਰੀਆਂ ਨੇ ਕ੍ਰੈਡਿਟ ਕੈਂਪਾਂ ਵਿਚ ਸਰਟੀਫਿਕੇਟ ਦੇਣੇ ਹੁੰਦੇ ਹਨ, ਸਬੰਧਤ ਜ਼ਿਲ੍ਹਾ ਮੈਜਿਸਟ੍ਰੇਟਾਂ ਦੁਆਰਾ ਕਾਫੀ ਸੰਖਿਆ ਵਿਚ ਛਪਵਾ ਕੇ ਰੱਖੇ ਜਾ ਸਕਦੇ ਹਨ।

26. ਆਉਣ ਵਾਲੀ ਫਸਲੀ ਰੁੱਤ ਲਈ ਕਰਜ਼ਿਆਂ ਸਬੰਧੀ ਅਰਜੀਆਂ ਤੇ ਵਿਚਾਰ ਕਰਦੇ ਸਮੇਂ ਬਿਨੈਕਾਰਾਂ ਦੀਆਂ ਰਾਜ ਸਰਕਾਰ ਪ੍ਰਤੀ ਦੇਣਦਾਰੀਆਂ ਨੂੰ ਨਜ਼ਰਅੰਦਾਜ ਕੀਤਾ ਜਾ ਸਕਦਾ ਬਸ਼ਰਤੇ ਕਿ ਰਾਜ ਸਰਕਾਰ ਕੁਦਰਤੀ ਮੁਸੀਬਤ ਵਾਪਰਨ ਦੀ ਮਿਤੀ ਤੋਂ ਸਰਕਾਰ ਪ੍ਰਤੀ ਸਾਰੀਆਂ ਦੇਣਦਾਰੀਆਂ ਨੂੰ ਚੁਕਤਾ ਕਰਨ ਕਾਫੀ ਲੰਬੇ ਸਮੇਂ ਲਈ ਕਾਨੂੰਨੀ ਮੁਹਲਤ ਪ੍ਰਦਾਨ ਕਰਨ ਦਾ ਐਲਾਨ ਕਰਦੀ ਹੈ।

ਹ. ਕਰਜ਼ਿਆਂ ਦਾ ਪੈਮਾਨਾ:

27. ਵੱਖ-ਵੱਖ ਫਸਲਾਂ ਬਾਰੇ ਇਕ ਜਿਲ੍ਹੇ ਵਿਚ ਕਰਜ਼ਿਆਂ ਦੇ ਪੈਮਾਨੇ ਵਿਚ ਇਕ ਸਮਾਨ ਹੋਣਗੇ। ਇਹ ਪੈਮਾਨ ਉਸ ਸਮੇਂ ਦੇ ਹਾਲਾਤ ਅਤੇ ਵੱਖ-ਵੱਖ ਪ੍ਰਮੁੱਖ ਏਜੰਸੀਆਂ ਦੁਆਰਾ ਅਪਣਾਈਆਂ ਗਈਆਂ ਸ਼ਰਤਾਂ ਨੂੰ ਧਿਆਨ ਵਿਚ ਰੱਖ ਕੇ ਨਿਸ਼ਚਿਤ ਕੀਤੇ ਜਾਣਗੇ। ਇਹ ਪੈਮਾਨੇ ਨਿਸ਼ਚਿਤ ਕਰਦੇ ਸਮੇਂ ਕਰਜ਼ਾ ਲੈਣ ਵਾਲਿਆਂ ਦੀਆਂ ਖਪਤ ਸਬੰਧੀ ਘੱਟੋ ਘੱਟ ਲੋੜਾਂ ਨੂੰ ਧਿਆਨ ਵਿਚ ਰੱਖਿਆ ਜਾਵੇਗਾ। ਉਸ ਜ਼ਿਲ੍ਹੇ ਵਿਚ ਕਾਰੋਬਾਰ ਕਰ ਰਹੇ ਸਬੰਧਤ ਬੈਂਕਾਂ ਦੇ ਸ਼ਾਖਾ ਪ੍ਰਬੰਧਕਾਂ ਅਤੇ ਸਬੰਧਤ ਜ਼ਿਲ੍ਹਾ ਮੈਜਿਸਟ੍ਰੇਟਾਂ ਨੂੰ ਇਸ ਤਰ੍ਹਾਂ ਨਿਸ਼ਚਿਤ ਕੀਤੇ ਗਏ ਪੈਮਾਨੇ ਅਪਣਾਉਣ ਦੀ ਸਲਾਹ ਦਿੱਤੀ ਜਾਵੇਗੀ।

ਅ. ਵਿਕਾਸ ਕਰਜ਼ੇ-ਨਿਵੇਸ਼ ਖਰਚੇ:-

28. ਵਰਤਮਾਨ ਮਿਆਦੀ ਕਰਜ਼ਿਆਂ ਦੀਆਂ ਕਿਸ਼ਤਾਂ ਨੂੰ ਕਰਜ਼ਦਾਰਾਂ ਦੀ ਕਰਜ਼ਾ ਮੋੜਨ ਦੀ ਸਮਰੱਥਾ ਅਤੇ ਹੇਠ ਅਨੁਸਾਰ ਕੁਦਰਤੀ ਮੁਸੀਬਤ ਦੀ ਪ੍ਰਕਿਰਤੀ ਨੂੰ ਧਿਆਨ ਵਿਚ ਰੱਖਦੇ ਹੋਏ ਮੁੜ ਤੋਂ ਨਿਸ਼ਚਿਤ ਕਰਨ/ਮੁਲਤਵੀ ਕਰਨਾ ਪੈ ਸਕਦਾ ਹੈ:

i) ਸੋਕੇ, ਹੜ ਜਾਂ ਚੱਕਰਵਾਤ, ਆਦਿ, ਜਿੱਥੇ ਕੇਵਲ ਉਸ ਸਾਲ ਲਈ ਫਸਲ ਨਸ਼ਟ ਹੁੰਦੀ ਹੈ ਅਤੇ ਉਤਪਦਾਕ ਸੰਪੱਤੀ ਦਾ ਕੋਈ ਨੁਕਸਾਨ ਨਹੀਂ ਹੁੰਦਾ।

ii) ਹੜ੍ਹ ਜਾਂ ਚੱਕਰਵਾਤ, ਜਦੋਂ ਉਤਪਾਦਕ ਸੰਪੱਤੀ ਆਂਸ਼ਿਕ ਜਾਂ ਪੂਰਣ ਤੌਰ ਤੇ ਨਸ਼ਟ ਹੋ ਜਾਂਦੀ ਹੈ ਅਤੇ ਕਰਜ਼ਦਾਰਾਂ ਨੂੰ ਨਵੇਂ ਕਰਜ਼ਿਆਂ ਦੀ ਜ਼ਰੂਰਤ ਹੁੰਦੀ ਹੈ।

29. ਸ੍ਰੇਣੀ (i) ਅਧੀਨ ਵਾਪਰੀ ਕੁਦਰਤੀ ਮੁਸੀਬਤ ਦੇ ਸਬੰਧ ਵਿਚ ਬੈਂਕ ਕੁਦਰਤੀ ਮੁਸੀਬਤ ਦੇ ਵਾਪਰਨ ਦੇ ਵਰ੍ਹੇ ਲਈ ਕਿਸ਼ਤ ਦੇ ਭੁਗਤਾਨ ਨੂੰ ਮੁਲਤਵੀ ਕਰ ਸਕਦੇ ਹਨ ਅਤੇ ਹੇਠ ਲਿਖੀਆਂ ਅਵਸਥਾਵਾ ਨੂੰ ਛੱਡ ਕੇ ਕਰਜ਼ੇ ਦੀ ਅਵਧੀ ਨੂੰ ਇਕ ਸਾਲ ਲਈ ਵਧਾ ਸਕਦੇ ਹਨ :

ੳ. ਉਹ ਕਿਸਾਨ ਜਿਨ੍ਹਾਂ ਨੇ ਉਹ ਵਿਕਾਸ ਜਾਂ ਨਿਵੇਸ਼ ਲਾਗੂ ਨਹੀਂ ਕੀਤਾ ਜਿਸ ਲਈ ਕਰਜ਼ਾ ਲਿਆ ਗਿਆ ਸੀ ਜਾਂ ਉਨ੍ਹਾਂ ਨੇ ਕਰਜ਼ੇ ਦੀ ਰਾਸ਼ੀ ਨਾਲ ਖਰੀਦੀ ਗਈ ਮਸ਼ੀਨਰੀ ਜਾਂ ਸਾਮਾਨ ਵੇਚ ਦਿੱਤਾ ਹੈ ;

ਅ. ਉਹ ਕਿਸਾਨ ਜੋ ਆਮਦਨ ਕਰ ਅਦਾ ਕਰਦੇ ਹਨ ;

ੲ. ਸੋਕੇ ਦੀ ਸੂਰਤ ਵਿਚ ਉਹ ਕਿਸਾਨ ਜਿਨ੍ਹਾਂ ਕੋਲ ਸਿੰਜਾਈ ਦੇ ਸਥਾਈ ਸਾਧਨ ਹਨ ਸਿਵਾਏ ਉਥੇ ਜਿੱਥੇ ਨਹਿਰਾਂ ਤੋਂ ਪਾਣੀ ਨਹੀਂ ਛੱਡਿਆ ਗਿਆ ਜਾਂ ਸਿੰਜਾਈ ਦੇ ਹੋਰ ਸਥਾਈ ਸਾਧਨਾਂ ਤੋਂ ਸਿੰਜਾਈ ਦੀ ਸੁਵਿਧਾ ਉਪਲਬੱਧ ਨਹੀਂ ਸੀ ; ਅਤੇ

ਸ. ਟ੍ਰੈਕਟਰਾਂ ਦੇ ਮਾਲਿਕ, ਸਿਵਾਏ ਜਾਇਜ ਮਾਮਲਿਆਂ ਵਿਚ ਜਿੱਥੇ ਆਮਦਨ ਖਤਮ ਹੋਣ ਦੇ ਫਸਲਸਰੂਪ ਉਨ੍ਹਾਂ ਦੀ ਕਰਜ਼ਾ ਮੋੜਨ ਦੀ ਸਮਰੱਥਾ ਵਿਗੜ ਗਈ ਹੈ ;

ਇਸ ਪ੍ਰਬੰਧ ਅਧੀਨ ਕੁਦਰਤੀ ਮੁਸੀਬਤ ਵਾਪਰਨ ਤੋਂ ਪਹਿਲਾਂ ਵਾਲੇ ਸਾਲਾਂ ਦੌਰਾਨ ਜਾਣ ਬੁੱਝ ਕੇ ਨਾ ਮੋੜੀਆਂ ਗਈਆਂ ਕਿਸ਼ਤਾਂ ਨੂੰ ਮੁੜ ਤੋਂ ਨਿਰਧਾਰਿਤ ਨਹੀਂ ਕੀਤਾ ਜਾਵੇਗਾ। ਬੈਂਕਾਂ ਨੂੰ ਕਿਸਾਨਾਂ ਦੁਆਰਾ ਵਿਆਜ ਦੇ ਭੁਗਤਾਨ ਨੂੰ ਮੁਲਤਵੀ ਕਰਨਾ ਪਵੇਗਾ। ਕਰਜ਼ਾ ਮੋੜਨ ਦੀ ਅਵਧੀ ਵਿਚ ਵਾਧਾ ਕਰਦੇ ਸਮੇਂ ਵਿਆਜ ਪ੍ਰਤੀ ਵਾਦੇ ਨੂੰ ਵੀ ਧਿਆਨ ਵਿਚ ਰੱਖਿਆ ਜਾ ਸਕਦਾ ਹੈ।

30. ਸ੍ਰੇਣੀ (ii) ਦੇ ਸਬੰਧ ਵਿਚ, ਅਰਥਾਤ ਜਿੱਥੇ ਕਰਜ਼ਾ ਲੈਣ ਵਾਲੇ ਦੀ ਸੰਪੱਤੀ ਪੂਰੀ ਤਰ੍ਹਾਂ ਨਸ਼ਟ ਹੋ ਜਾਂਦੀ ਹੈ, ਉਥੇ ਕਰਜ਼ੇ ਦੀ ਅਵਧੀ ਵਿਚ ਵਾਧੇ ਦੁਆਰਾ ਕਿਸ਼ਤਾਂ ਦਾ ਪੁਨਰ ਨਿਰਧਾਰਣ ਕਰਜ਼ਦਾਰ ਦੇ ਪੁਰਾਣੇ ਮਿਆਦੀ ਕਰਜ਼ੇ ਦੀ ਅਦਾਇਗੀ ਬਾਰੇ ਉਸ ਦੇ ਵਾਅਦੇ ਅਤੇ ਛੋਟੀ ਅਵਧੀ ਦੇ ਕਰਜ਼ਿਆਂ ਦੀ ਅਦਾਇਗੀ ਨੂੰ ਮੁਲਤਵੀ ਕਰਨ ਕਾਰਣ ਰੂਪਾਂਤਰਿਤ ਕਰਜ਼ਾ (ਦਰਮਿਆਨੀ ਅਵਧੀ ਦਾ ਕਰਜ਼ਾ) ਮੋੜਨ ਪ੍ਰਤੀ ਉਸ ਦੇ ਵਾਦੇ ਅਤੇ ਨਵੇਂ ਫਸਲੀ ਕਰਜ਼ੇ ਪ੍ਰਤੀ ਉਸ ਦੇ ਵਾਅਦੇ ਸਮੇਤ ਉਸ ਦੀ ਕੁੱਲ ਮਿਲਾ ਕੇ ਕਰਜ਼ਾ ਮੋੜਨ ਦੀ ਸਮਰੱਥਾ

ਦੇ ਆਧਾਰ ਤੇ ਕੀਤਾ ਜਾਣਾ ਚਾਹੀਦਾ ਹੈ। ਅਜਿਹੇ ਮਾਮਲਿਆਂ ਵਿਚ ਸਰਕਾਰੀ ਏਜੰਸੀਆਂ ਤੋਂ ਪ੍ਰਾਪਤ ਕੀਤੀ ਅਨੁਵਾਦ ਰਾਸ਼ੀ, ਬੀਮਾ ਯੋਜਨਾਵਾਂ ਅਧੀਨ ਉਪਲਬੱਧ ਮੁਆਵਜੇ ਦੀ ਰਾਸ਼ੀ ਆਦਿ ਨੂੰ ਛੱਡ ਕੇ ਸਾਰੇ ਕਰਜ਼ਿਆਂ (ਵਿਆਜ ਦੇ ਦੇਣਦਾਰੀ ਸਮੇਤ) ਦੇ ਮੋੜਨ ਦੀ ਅਵਧੀ ਕਰਜ਼ਦਾਰ ਦੀ ਕਰਜ਼ਾ ਮੋੜਨ ਦੀ ਸਮਰੱਥਾ ਨੂੰ ਧਿਆਨ ਵਿਚ ਰੱਖਦੇ ਹੋਏ ਨਿਸ਼ਚਿਤ ਕੀਤੀ ਜਾ ਸਕਦੀ ਹੈ, ਬਸ਼ਰਤੇ ਕਿ ਨਿਵੇਸ਼ ਦੀ ਕਿਸਮ ਅਤੇ ਕਰਜ਼ੇ ਨਾਲ ਖਰੀਦੀ ਗਈ ਨਵੀਂ ਸੰਪੱਤੀ ਦੇ ਆਰਥਿਕ (ਲਾਭਦਾਇਕ) ਜੀਵਨ ਦੇ ਆਧਾਰ ਤੇ ਇਹ ਘੱਟੋ ਘੱਟ 15 ਸਾਲ ਦੀ ਹੋਣੀ ਚਾਹੀਦੀ ਹੈ, ਸਿਵਾਏ ਉਨ੍ਹਾਂ ਮਾਮਲਿਆਂ ਵਿਚ ਜਿੱਥੇ ਕਰਜ਼ੇ ਦਾ ਸਬੰਧ ਭੂਮੀ ਸੁਧਾਰ, ਗਾਰ ਹਟਾਉਣ, ਮਿੱਟੀ ਦੀ ਰੱਖਿਆ ਆਦਿ ਨਾਲ ਹੋਵੇ। ਇਸ ਪ੍ਰਕਾਰ, ਖੇਤੀ ਬਾੜੀ ਸਬੰਧੀ ਮਸ਼ੀਨਰੀ, ਜਿਵੇਂ ਕਿ ਪੰਪ ਸੈਟ ਅਤੇ ਟਰੈਕਟਰ, ਲਈ ਕਰਜ਼ਿਆਂ ਦੇ ਮਾਮਲੇ ਵਿਚ ਇਹ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ ਕਰਜ਼ੇ ਦੀ ਕੁਲ ਅਵਧੀ ਕਰਜ਼ਾ ਦੇਣ ਦੀ ਮਿਤੀ ਤੋਂ 9 ਸਾਲਾਂ ਤੋਂ ਵੱਧ ਨਾ ਹੋਵੇ।

31. ਵਰਤਮਾਨ ਕਰਜ਼ੇ ਦੀਆਂ ਕਿਸ਼ਤਾਂ ਨਵੇਂ ਸਿਰੇ ਤੋਂ ਨਿਰਧਾਰਿਤ ਕਰਨ ਤੋਂ ਇਲਾਵਾ ਬੈਂਕ ਪ੍ਰਭਾਵਿਤ ਕਿਸਾਨਾਂ ਨੂੰ ਵਿਕਾਸ ਉਦੇਸ਼ਾਂ ਲਈ ਵੱਖ-ਵੱਖ ਕਿਸਮ ਦੇ ਮਿਆਦੀ ਕਰਜ਼ੇ ਪ੍ਰਦਾਨ ਕਰਨਗੇ, ਜਿਵੇਂ ਕਿ

ੳ. **ਛੋਟੇ ਪੱਧਰ ਦੀ ਸਿੰਚਾਈ** : ਖੂਹਾਂ ਪੰਪ ਸੈਟਾ ਦੀ ਮੁਰੰਮਤ ਆਦਿ ਲਈ ਮਿਆਦੀ ਕਰਜ਼ੇ ਜਿਨ੍ਹਾਂ ਦੀ ਰਕਮ ਬਾਰੇ ਫੈਸਲਾ ਹੋਏ ਨੁਕਸਾਨ ਦੀ ਸੀਮਾ ਅਤੇ ਮੁਰੰਮਤ ਤੇ ਆਉਣ ਵਾਲੇ ਖਰਚੇ ਬਾਰੇ ਅਨੁਮਾਨ ਲਗਾਉਣ ਤੋਂ ਬਾਅਦ ਕੀਤਾ ਜਾਣਾ ਹੈ।

ਅ. **ਬਲਦ** : ਜਿੱਥੇ ਖਿਚਾਈ ਕਰਨ ਵਾਲੇ ਪਸ਼ੂ ਰੁੜ੍ਹ ਗਏ ਹੋਣ, ਉਥੇ ਬਲਦਾਂ/ਝੋਟਿਆਂ ਦੀ ਨਵੀਂ ਜੋੜੀ ਲਈ ਨਵੇਂ ਕਰਜ਼ੇ ਦੀ ਅਰਜੀ ਤੇ ਵਿਚਾਰ ਕੀਤਾ ਜਾ ਸਕਦਾ ਹੈ। ਜਿੱਥੇ ਪਸ਼ੂਆਂ ਦੀ ਨਵੀਂ ਜੋੜੀ ਲਈ ਕਰਜ਼ੇ ਦਿੱਤੇ ਜਾਂਦੇ ਹਨ ਜਾਂ ਕਿਸਾਨਾਂ ਨੇ ਦੁੱਧਾਰੂ ਪਸ਼ੂ ਖਰੀਦਦੇ ਹੋਣ ਤਾਂ ਚਾਰੇ ਜਾਂ ਭੋਜਨ ਲਈ ਉਚਿੱਤ ਧੰਨ ਦਿੱਤਾ ਜਾ ਸਕਦਾ ਹੈ।

ੲ. **ਦੁੱਧਾਰੂ ਪਸ਼ੂ**: ਦੁਧਾਰੂ ਪਸ਼ੂਆਂ ਲਈ ਮਿਆਦੀ ਕਰਜ਼ੇ ਉਨ੍ਹਾਂ ਦੀ ਨਸਲ, ਦੁੱਧ ਦੇਣ ਦੀ ਸਮਰੱਥਾ ਆਦਿ ਦੇ ਆਧਾਰ ਤੇ ਦਿੱਤੇ ਜਾਣਗੇ। ਕਰਜ਼ੇ ਦੀ ਰਕਮ ਵਿਚ ਸ਼ੈਡੱਾਂ ਦੀ ਮੁਰੰਮਤ, ਸਾਮਾਨ ਅਤੇ ਭੋਜਨ (ਫੀਡ) ਤੇ ਆਉਣ ਵਾਲੇ ਖਰਚਿਆਂ ਦੀ ਰਕਮ ਸ਼ਾਮਲ ਹੋਵੇਗੀ।

ਸ. **ਬੀਮਾ** : ਉਨ੍ਹਾਂ ਖੇਤਰਾਂ ਵਿਚ ਅਕਸਰ ਆਉਣ ਵਾਲੇ ਝੱਖੜਾਂ ਅਤੇ ਹੋਰ ਕੁਦਰਤੀ ਮੁਸੀਬਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਪਸ਼ੂਆਂ ਦਾ ਬੀਮਾ ਕਰਵਾਇਆ ਜਾਣਾ ਚਾਹੀਦਾ ਹੈ। ਦੁੱਧਾਰੂ ਪਸ਼ੂਆਂ/ਖਿਚਾਈ ਕਰਨ ਵਾਲੇ ਪਸ਼ੂਆਂ ਦੇ ਸ਼ਰੀਰ ਤੇ ਪਛਾਣ ਚਿੰਨ੍ਹ ਲਗਾਏ ਜਾਣੇ ਚਾਹੀਦੇ ਹਨ ਤਾਂ ਜੋ ਉਨ੍ਹਾਂ ਦੀ ਪਛਾਣ ਕੀਤੀ ਜਾ ਸਕੇ ਅਤੇ ਕਰਜ਼ਾ ਲੈਣ ਵਾਲਿਆਂ ਦੁਆਰਾ ਉਨ੍ਹਾਂ ਪਸ਼ੂਆਂ ਨੂੰ ਵੇਚਿਆ ਨਾ ਜਾ ਸਕੇ।

ਹ. **ਮੁਰਗੀਆਂ ਅਤੇ ਸੂਰ-ਸੂਰੀਆਂ**: ਮੁਰਗੀਆਂ, ਸੂਰ ਸੂਰੀਆਂ ਅਤੇ ਭੇਡ ਬਕਰੀਆਂ ਲਈ ਵੱਖ-ਵੱਖ ਬੈਂਕਾਂ ਦੀਆਂ ਸ਼ਰਤਾਂ ਅਨੁਸਾਰ ਕਰਜ਼ੇ ਦਿੱਤੇ ਜਾਣਗੇ।

ਕ. **ਮੱਛੀ ਪਾਲਣ**: ਜਿਨ੍ਹਾਂ ਕਰਜ਼ਦਾਰਾਂ ਦੀਆਂ ਕਿਸ਼ਤੀਆਂ, ਜਾਲ ਅਤੇ ਹੋਰ ਸਾਮਾਨ ਨਸ਼ਟ ਹੋ ਗਿਆ ਹੋਵੇ, ਉਨ੍ਹਾਂ ਦੇ ਵਰਤਮਾਨ ਬਕਾਏ ਦੇ ਭੁਗਤਾਨ ਦਾ ਪੁਨਰ ਨਿਰਧਾਰਣ ਗੁਣਾਂ ਦੇ ਆਧਾਰ ਤੇ ਕੀਤਾ ਜਾ ਸਕਦਾ ਹੈ। ਉਨ੍ਹਾਂ ਨੂੰ ਨਵੇਂ ਕਰਜ਼ੇ ਮਨਜ਼ੂਰ ਕੀਤੇ ਜਾ ਸਕਦੇ ਹਨ ਜਿਨ੍ਹਾਂ ਦੀ ਅਦਾਇਗੀ 3-4 ਸਾਲਾਂ ਦੇ ਅੰਦਰ ਕਰਨੀ ਹੋਵੇਗੀ। ਵਰਤਮਾਨ ਕਰਜ਼ਦਾਰਾਂ ਨੂੰ ਕਿਸ਼ਤੀਆਂ ਦੀ ਮੁਰੰਮਤ ਲਈ ਵੀ ਕਰਜ਼ੇ ਦਿੱਤੇ ਜਾ ਸਕਦੇ ਹਨ। ਜਿਨ੍ਹਾਂ ਮਾਮਲਿਆਂ ਵਿਚ ਅਨੁਦਾਨ ਰਾਸ਼ੀ ਉਪਲਬੱਧ ਹੋਵੇ ਉਥੇ ਕਰਜ਼ੇ ਦੀ ਰਕਮ ਵਿਚ ਉਸ ਸੀਮਾਂ ਤੱਕ ਕਮੀ ਕਰ ਦੇਣੀ ਚਾਹੀਦੀ ਹੈ। ਜਿਨ੍ਹਾਂ ਰਾਜਾਂ ਵਿਚ ਕਿਸ਼ਤੀਆਂ ਅਤੇ ਜਾਲਾਂ ਦੀ ਕੀਮਤ ਪ੍ਰਤੀ ਇਕ ਮੋਟੀ ਅਨੁਦਾਨ ਰਾਸ਼ੀ ਦਿੱਤੇ ਜਾਣ ਦੀ ਸੰਭਾਵਨਾ ਹੈ, ਉਥੇ ਇਸ ਸਬੰਧ ਵਿਚ ਉਸ ਰਾਜ ਸਰਕਾਰ ਦੇ ਸਬੰਧਤ ਵਿਭਾਗ ਨਾਲ ਉਚਿੱਤ ਤਾਲਮੇਲ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। ਕਰਜ਼ਿਆਂ ਦੀ ਮਨਜ਼ੂਰੀ ਲਈ ਹੋਰ ਨਿਯਮਾਂ ਅਤੇ ਸ਼ਰਤਾਂ ਦੀ ਪਾਲਣਾ ਤੋਂ ਇਲਾਵਾ, ਮੱਛਲੀ ਪਾਲਣ ਵਿਭਾਗ ਤੋਂ ਵੀ ਸਹਾਇਤਾ ਮੰਗੀ ਜਾ ਸਕਦੀ ਹੈ ਜੋ ਕਿ ਬੈਂਕਾਂ ਨੂੰ ਇਸ ਉਦੇਸ਼ ਲਈ ਕਰਜ਼ੇ ਦੇਣ ਦੀ ਕਾਰਵਾਈ ਕਰਨ ਵਿਚ ਸਹਾਇਕ ਸਿੱਧ ਹੋ ਸਕਦੀ ਹੈ।

ਕਿਸ਼ਤੀਆਂ ਦਾ ਜਿੱਥੋਂ ਤੱਕ ਸੰਭਵ ਹੋਵੇ, ਕੁਦਰਤੀ ਮੁਸੀਬਤਾਂ ਸਮੇਤ ਹਰ ਪ੍ਰਕਾਰ ਦੇ ਜੋਖਮ ਵਿਰੁੱਧ ਬੀਮਾ ਕਰਵਾਇਆ ਜਾਣਾ ਚਾਹੀਦਾ ਹੈ।

32. ਸੰਭਵ ਹੈ ਕਿ ਰੇਤੇ ਮਿੱਟੀ ਨਾਲ ਢਕੀ ਜ਼ਮੀਨ ਨੂੰ ਖੇਤੀਬਾੜੀ ਯੋਗ ਬਣਾਉਣ ਲਈ ਆਰਥਿਕ ਸਹਾਇਤਾ ਦੀ ਲੋੜ ਪਵੇ। ਆਮ ਤੌਰ ਤੇ 3 ਇੰਚ ਤੱਕ ਮੋਟੀ ਰੇਤੇ/ਗਾਰ ਦੀ ਤਹਿ ਨੂੰ ਖੇਤ ਵਿਚ ਹਲ ਚਲਾ ਕੇ ਮਿੱਟੀ ਅੰਦਰ ਮਿਲਾ ਦਿੱਤੀ ਜਾਂਦਾ ਹੈ ਜਾਂ ਬਿਨ੍ਹਾਂ ਕਿਸੇ ਆਰਥਿਕ ਸਹਾਇਤਾ ਲਏ ਕਿਸਾਨਾਂ ਦੁਆਰਾ ਖੇਤਾਂ ਵਿਚੋਂ ਹਟਾ ਦਿੱਤਾ ਜਾਂਦਾ ਹੈ। ਉਨ੍ਹਾਂ ਮਾਮਲਿਆਂ ਵਿਚ ਕਰਜ਼ੇ ਲਈ ਅਰਜ਼ੀਆਂ ਤੇ ਵਿਚਾਰ ਕੀਤਾ ਜਾਵੇਗਾ ਜਿੱਥੇ ਤੁਰੰਤ ਖੇਤੀ ਕਰਨਾ ਸੰਭਵ ਹੋਵੇ ਅਤੇ ਭੂਮੀ ਨੂੰ ਖੇਤੀਬਾੜੀ ਯੋਗ ਬਣਾਉਣਾ (ਰੇਤੇ ਨੂੰ ਹਟਾਉਣਾ) ਜ਼ਰੂਰੀ ਹੈ। ਜਿੱਥੇ ਕਿਤੇ ਸ਼ੋਰੇ ਵਾਲੀ ਜਮੀਨ ਨੂੰ ਖੇਤੀ ਯੋਗ ਬਣਾਉਣ ਲਈ ਕਰਜ਼ੇ ਦੀ ਜ਼ਰੂਰਤ ਹੋਵੇ ਤਾਂ ਇਸ ਕੰਮ ਲਈਂ ਫਸਲੀ ਕਰਜ਼ੇ ਦੇ ਨਾਲ ਹੀ ਫਸਲੀ ਕਰਜ਼ੇ ਦੀ ਰਕਮ ਦੇ 25% ਦੇ ਬਰਾਬਰ ਕਰਜ਼ਾ ਦਿੱਤਾ ਜਾ ਸਕਦਾ ਹੈ।

33. ਖੇਤੀਬਾੜੀ, ਬਾਗਬਾਨੀ, ਫੁਲਵਾੜੀ, ਪਾਨ ਦੀ ਵੇਲ ਉਗਾਉਣ ਆਦਿ ਵਰਗੀਆਂ ਹੋਰ ਗਤੀ ਵਰਤਮਾਨ ਯੋਜਨਾਵਾਂ ਅਧੀਨ ਨਿਵੇਸ਼ ਅਤੇ ਵਰਕਿੰਗ ਕੈਪੀਟਲ ਲਈ ਕਰਜ਼ੇ ਦੇ ਸਕਦੇ ਹਨ ਅਤੇ ਇਸ ਲਈ ਉਹ ਆਪਣੀ ਸਾਧਾਰਨ ਪ੍ਰਕਿਰਿਆ ਤੇ ਅਮਲ ਕਰਨਗੇ। ਵਰਕਿੰਗ ਕੈਪੀਟਲ ਸਬੰਧੀ ਕਰਜ਼ਾ ਉਸ ਸਮੇਂ ਤੱਕ ਜਾਰੀ ਰੱਖਿਆ ਜਾ ਸਕਦਾ ਹੈ ਜਦੋਂ ਕਿ ਬਾਗਬਾਨੀ ਤੋਂ ਇਨ੍ਹਾਂ ਖਰਚਿਆਂ ਦੀ ਪੂਰਤੀ ਲਈ ਕਾਫੀ ਆਮਦਨ ਨਾ ਹੋਣ ਲੱਗੇ।

34. ਪਰੰਤੂ ਜ਼ਰੂਰਤਾਂ ਤੇ ਆਧਾਰਿਤ ਅਤਿਰਿਕਤ ਫਸਲੀ ਕਰਜ਼ੇ ਜੇਕਰ ਜ਼ਰੂਰੀ ਹੋਣ, ਵੱਖੋ ਵੱਖ ਬਿਨੈਕਾਰਾਂ ਦੇ ਆਕਲਨ ਦੇ ਆਧਾਰ ਤੇ ਖੜੀਆਂ ਫਸਲਾਂ/ਬਾਗਾਂ ਦੀ ਪੁਨਰ ਸਥਾਪਨਾ/ਨਵੇਂ ਸਿਰੇ ਤੋਂ ਲਗਾਉਣ ਲਈ ਦਿੱਤੇ ਜਾਣਗੇ।

35. ਉਚਿੱਤ ਮਾਤਰਾ ਵਿਚ ਬੀਜਾਂ ਅਤੇ ਵੱਖ-ਵੱਖ ਕਿਸਮ ਦੀਆਂ ਖਾਦਾਂ ਦੀ ਖਰੀਦ ਅਤੇ ਆਪੂਰਤੀ ਦੇ ਉਚਿੱਤ ਪ੍ਰਬੰਧ ਬਾਰੇ ਸਵਾਲ ਦੇ ਸਬੰਧ ਵਿਚ ਰਾਜ ਸਰਕਾਰ ਅਤੇ ਹਰ ਜਿਲ੍ਹੇ ਦੇ ਜ਼ਿਲ੍ਹਾ ਪ੍ਰਸ਼ਾਸਨ ਨਾਲ ਵਿਚਾਰ ਵਿਮਰਸ਼ ਕਰਨਾ ਪਵੇਗਾ। ਇਸੇ ਤਰ੍ਹਾਂ ਉਚਿੱਤ ਸਿੰਜਾਈ ਸੁਵਿਧਾਵਾਂ ਨੂੰ ਯਕੀਨੀ ਬਣਾਉਣ ਦੇ ਉਦੇਸ਼ ਲਈ ਰਾਜ ਸਰਕਾਰ ਹੜ੍ਹਾਂ ਕਾਰਨ ਨਸ਼ਟ ਹੋਏ ਸਰਕਾਰੀ ਮਲਕੀਅਤ ਵਾਲੇ ਡੂੰਘੇ ਅਤੇ ਘੱਟ ਡੂੰਘੇ ਟਿਊਬਵੈਲਾਂ ਅਤੇ ਰਿਵਰ ਲਿਫਟ ਇਰੀਗੇਸ਼ਨ ਪ੍ਰਣਾਲੀ ਦੀ ਮੁਰੰਮਤ ਦਾ ਕੰਮ ਹੱਥ ਵਿਚ ਲਵੇਗੀ। ਜਿੱਥੋਂ ਤੱਕ ਮੱਛੀਪਾਲਣ ਦਾ ਸਬੰਧ ਹੈ, ਰਾਜ ਸਰਕਾਰ ਦਾ ਮੱਛੀ ਪਾਲਣ ਵਿਭਾਗ fingers ਪ੍ਰਾਪਤ ਕਰਨ ਦੇ ਪ੍ਰਬੰਧ ਕਰੇਗਾ ਅਤੇ ਉਨ੍ਹਾਂ ਨੂੰ ਭੇਜੇਗਾ ਜੋ ਬੈਂਕਾਂ ਤੋਂ ਕਰਜ਼ੇ ਦੀ ਸਹਾਇਤਾ ਨਾਲ ਚਾਲਾਬਾਂ ਵਿਚ ਮੱਛੀਪਾਲਣ ਦੇ ਧੰਦੇ ਨੂੰ ਪੁਨਰ ਜੀਵਿਤ ਕਰਨਾ ਚਾਹੁੰਦੇ ਹਨ।

36. ਰਾਜ ਸਰਕਾਰ ਨੂੰ ਅਜਿਹੀਆਂ ਯੋਜਨਾਵਾਂ ਤਿਆਰ ਕਰਨ ਬਾਰੇ ਵਿਚਾਰ ਕਰਨਾ ਪਵੇਗਾ ਜੋ ਕਿ ਵਪਾਰਕ ਬੈਂਕਾਂ ਨੂੰ ਉਨ੍ਹਾਂ ਦੁਆਰਾ ਦਿੱਤੇ ਕਰਜ਼ਿਆਂ ਲਈ ਨਾਬਾਰਡ ਦਰ੍ਹਾਂ ਤੇ ਰੀਫਾਈਨੈਂਸ ਪ੍ਰਾਪਤ ਕਰਨ ਵਿਚ ਸਹਾਇਕ ਹੋਣ।

ੲ. ਸ਼ਰਤਾਂ

37. ਰਾਹਤ ਕਰਜ਼ਿਆਂ ਤੇ ਗਾਰੰਟੀ, ਸਿਕਿਊਰਿਟੀ, ਮਾਰਜਨ ਆਦਿ ਬਾਰੇ ਸ਼ਰਤਾਂ ਲਚਕੀਲੀਆਂ ਹੋਣਗੀਆਂ।

ੳ. ਗਾਰੰਟੀ

ਡਿਪਾਜਿਟ ਇੰਸੋਰੈਂਸ ਐਂਡ ਕ੍ਰੈਡਿਟ ਗਾਰੰਟੀ ਕਾਰਪੋਰੇਸ਼ਨ ਦੀ ਗਾਰੰਟੀ ਦੇ ਘੇਰੇ ਵਿਚ ਆਉਣ ਵਾਲੇ ਛੋਟੇ ਕਰਜ਼ਿਆਂ ਦੇ ਮਾਮਲੇ ਵਿਚ ਵਿਅਕਤੀਗਤ ਗਾਰੰਟੀ ਲਈ ਮਜ਼ਬੂਰ ਨਹੀਂ ਕੀਤਾ ਜਾਵੇਗਾ। ਕਿਸੇ ਵੀ ਸੂਰਤ ਵਿਚ ਵਿਅਕਤੀਗਤ ਗਾਰੰਟੀ ਦੀ ਅਣਹੋਂਦ ਵਿਚ ਕਰਜ਼ਾ ਦੇਣ ਤੋਂ ਨਾਂਹ ਨਹੀਂ ਕੀਤੀ ਜਾਣੀ ਚਾਹੀਦੀ।

ਅ. ਸਿਕਿਉਰਿਟੀ:

i) ਜਿੱਥੇ ਹੜ੍ਹਾਂ ਕਾਰਨ ਹੋਏ ਨੁਕਸਾਨ ਜਾਂ ਵਿਨਾਸ਼ ਕਾਰਨ ਬੈਂਕ ਦੀ ਸਿਕਿਊਰਿਟੀ ਖਤਮ ਹੋ ਗਈ ਹੋਵੇ ਉਥੇ ਨਵੀਂ ਅਤਿਰਿਕਤ ਸਿਕਿਯੂਰਿਟੀ ਨਾ ਹੋਣ ਕਾਰਨ ਆਰਥਿਕ ਸਹਾਇਤਾ ਦੇਣ ਤੋਂ ਮਨਾਹੀ ਨਹੀਂ ਕੀਤੀ ਜਾਵੇਗੀ। ਭਾਵੇਂ ਸਿਕਿਊਰਿਟੀ (ਵਰਤਮਾਨ ਅਤੇ ਨਵੇਂ ਕਰਜ਼ੇ ਨਾਲ ਖਰੀਦੀ ਜਾਣ ਵਾਲੀ ਸੰਪੱਤੀ) ਦੀ ਕੀਮਤ ਭਾਵੇਂ ਕਰਜ਼ੇ ਦੀ ਰਾਸ਼ੀ ਤੋਂ ਘੱਟ ਹੋਵੇ, ਤਾਂ ਵੀ ਨਵਾਂ ਕਰਜ਼ਾ ਮਨਜ਼ੂਰ ਕੀਤਾ ਜਾ ਸਕਦਾ ਹੈ। ਨਵੇਂ ਕਰਜ਼ਿਆਂ ਲਈ ਹਮਦਰਦੀ ਵਾਲਾ ਰਵਈਆਂ ਅਪਣਾਉਣਾ ਪਵੇਗਾ।

ii) ਜਿੱਥੇ ਪਹਿਲਾਂ ਫਸਲੀ ਕਰਜ਼ਾ (ਜਿਹੜਾ ਮਿਆਦੀ ਕਰਜ਼ੇ ਵਿਚ ਬਦਲਿਆ ਜਾ ਚੁੱਕਿਆ ਹੈ) ਨਿੱਜੀ ਸਿਕਿਊਰਿਟੀ ਦੀ ਫਸਲ ਦੀ ਹਾਈਪੋਥੀਕੇਸ਼ਨ ਵਿਰੁੱਧ ਦਿੱਤਾ ਗਿਆ ਸੀ ਅਤੇ ਕਰਜ਼ਦਾਰ ਰੂਪਾਂਤਰਿਤ ਕਰਜ਼ੇ ਲਈ ਸਿਕਿਊਰਿਟੀ ਦੇ ਰੂਪ ਵਿਚ ਜਮੀਨ ਤੇ ਚਾਰਜ/ਮੋਰਟਗੇਜ ਦੀ ਪੇਸ਼ਕਸ਼ ਕਰਨ ਦੇ ਕਾਬਿਲ ਨਹੀਂ ਹੈ ਤਾਂ ਉਸ ਨੂੰ ਰੂਪਾਂਤਰਣ ਦੀ ਸੁਵਿਧਾ ਦੇਣ ਤੋਂ ਕੇਵਲ ਇਸ ਲਈ ਇਨਕਾਰ ਨਹੀਂ ਕੀਤਾ ਜਾਣਾ ਚਾਹੀਦਾ ਹੈ ਕਿ ਉਹ ਸਿਕਿਊਰਿਟੀ ਦੇ ਰੂਪ ਵਿਚ ਜ਼ਮੀਨ ਨਹੀਂ ਦੇ ਸਕਦਾ। ਜੇਕਰ ਕਰਜ਼ਦਾਰ ਨੇ ਪਹਿਲਾਂ ਹੀ ਜਮੀਨ ਤੇ ਚਾਰਜ/ਮੋਰਟਗੇਜ ਵਿਰੁੱਧ ਮਿਆਦੀ ਕਰਜ਼ਾ ਲੈ ਰੱਖਿਆ ਹੈ ਤਾਂ ਬੈਂਕ ਨੂੰ ਰੂਪਾਂਤਰਿਤ ਮਿਆਦੀ ਕਰਜ਼ੇ ਲਈ ਦੂਜੇ ਕਰਜ਼ੇ ਦੇ ਚਾਰਜ ਨਾਲ ਸੰਤੁਸ਼ਟ ਹੋਣਾ ਚਾਹੀਦਾ ਹੈ। ਰੂਪਾਂਤਰਣ ਸੁਵਿਧਾਵਾਂ ਪ੍ਰਦਾਨ ਕਰਨ ਲਈ ਬੈਂਕਾਂ ਨੂੰ ਕਿਸੇ ਤੀਜੇ ਪੱਖ ਵੱਲੋਂ ਗਰੰਟੀ ਲਈ ਜਿਦ ਨਹੀਂ ਕਰਨੀ ਚਾਹੀਦੀ।

iii) ਸਾਜ ਸਮਾਨ ਦੀ ਬਦਲੀ ਮੁਰੰਮਤ ਆਦਿ ਲਈ ਮਿਆਦੀ ਕਰਜ਼ਿਆਂ ਅਤੇ ਦਸਤਕਾਰਾਂ ਅਤੇ ਸਵੈਰੋਜ਼ਗਾਰ ਵਿਚ ਲੱਗੇ ਵਿਅਕਤੀਆਂ ਲਈ ਵਰਕਿੰਗ ਕੈਪੀਟਲ ਲਈ ਕਰਜ਼ਿਆਂ ਜਾਂ ਫਸਲੀ ਕਰਜ਼ਿਆਂ ਲਈ ਪ੍ਰਚਾਲਿਤ ਸਿਕਿਊਰਿਟੀ ਲਈ ਜਾ ਸਕਦੀ ਹੈ। ਜਿੱਥੇ ਸਿਕਿਊਰਿਟੀ ਦੇ ਰੂਪ ਵਿਚ ਜ਼ਮੀਨ ਲਈ ਜਾਂਦੀ ਹੈ, ਉਥੇ

ਮਲਕੀਅਤ ਸਬੰਧੀ ਅਸਲ ਦਸਤਾਵੇਜ਼ ਦੀ ਅਣਹੋਂਦ ਵਿਚ ਉਨ੍ਹਾਂ ਕਿਸਾਨਾਂ ਤੋਂ ਜਿਨ੍ਹਾਂ ਤੋਂ ਮਲਕੀਅਤ ਦੇ ਸਬੂਤ ਗਵਾਚ ਗਏ ਹਨ, ਉਨ੍ਹਾਂ ਨੂੰ ਕਰਜ਼ਾ ਦੇਣ ਲਈ ਮਾਲ ਮਹਿਕਮੇ ਦੇ ਅਧਿਕਾਰੀਆਂ ਦੁਆਰਾ ਜਾਰੀ ਇਕ ਸਰਟੀਫਿਕੇਟ ਸਵੀਕਾਰ ਕੀਤਾ ਜਾ ਸਕਦਾ ਹੈ।

iv) ਗ੍ਰਾਹਕ ਸੇਵਾ ਬਾਰੇ ਭਾਰਤੀਯ ਰਿਜ਼ਰਵ ਬੈਂਕ ਦੀ ਰਿਪੋਰਟ ਦੀਆਂ ਸਿਫਾਰਸ਼ਾਂ ਅਨੁਸਾਰ ਬੈਂਕ ਕਿਸੇ ਵੀ ਪ੍ਰਕਾਰ ਦੀ ਆਰਥਿਕ ਗਤੀਵਿਧੀ 500/-ਰੁਪਏ ਲਈ ਤੱਕ ਦੇ ਕਰਜ਼ੇ ਕੁਲੈਟਰਲ ਸਿਕਿਊਰਿਟੀ ਜਾਂ ਗਾਰੰਟੀ ਲਈ ਮਜ਼ਬੂਰ ਕੀਤੇ ਬਿਨਾਂ ਪ੍ਰਦਾਨ ਕਰਨਗੇ।

ੲ. ਮਾਰਜਨ

38. ਮਾਰਜਨ ਸਬੰਧੀ ਸ਼ਰਤਾਂ ਨੂੰ ਹਟਾਇਆ ਜਾ ਸਕਦਾ ਹੈ ਜਾਂ ਸਬੰਧਤ ਰਾਜ ਸਰਕਾਰਾਂ ਦੁਆਰਾ ਦਿੱਤੀ ਗਈ ਅਨੁਦਾਨ ਰਾਸ਼ੀ/ਸਬਸਿਡੀ ਨੂੰ ਮਾਰਜਨ ਦੇ ਰੂਪ ਵਿਚ ਸਵੀਕਾਰ ਕੀਤਾ ਜਾ ਸਕਦਾ ਹੈ।

ਸ. ਵਿਆਜ ਦੀ ਦਰ:

39. ਵਿਆਜ ਦੀਆਂ ਦਰਾਂ ਰਿਜ਼ਰਵ ਬੈਂਕ ਦੇ ਨਿਰਦੇਸ਼ਾਂ ਅਨੁਸਾਰ ਹੋਣਗੀਆਂ। ਪਰੰਤੂ ਬੈਂਕਾਂ ਤੋਂ ਆਪਣੀ ਮਰਜ਼ੀ ਦੇ ਅਧਿਕਾਰਾਂ ਦੇ ਖੇਤਰਾਂ ਵਿਚ ਰਹਿੰਦੇ ਹੋਏ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਕਰਜ਼ਦਾਰਾਂ ਦੀਆਂ ਮੁਸ਼ਕਿਲਾਂ ਪ੍ਰਤੀ ਹਮਦਰਦੀ ਦਾ ਨਜ਼ਰੀਆਂ ਰੱਖਦੇ ਹੋਏ ਕੁਦਰਤੀ ਮੁਸੀਬਤ ਨਾਲ ਪ੍ਰਭਾਵਿਤ ਲੋਕਾਂ ਨਾਲ ਰਿਆਇਤੀ ਵਿਵਕਾਰ ਕਰਨਗੇ।

ਡਿਫਰੈਂਸ਼ੀਅਲ ਰੇਟ ਆਫ ਇੰਟ੍ਰੈਸਟ ਯੋਜਨਾ ਅਧੀਨ ਯੋਗਤਾ ਸ਼ਰਤਾਂ ਨੂੰ ਪੂਰਾ ਕਰਨ ਵਾਲਿਆਂ ਨੂੰ ਇਸ ਯੋਜਨਾ ਦੇ ਨਿਯਮਾਂ ਅਨੁਸਾਰ ਕਰਜ਼ੇ ਦਿੱਤੇ ਜਾਣੇ ਚਾਹੀਦੇ ਹਨ। ਵਰਤਮਾਨ ਬਕਾਇਆ ਰਾਸ਼ੀ ਦੇ ਭੁਗਤਾਨ ਵਿਚ ਕੁਤਾਹੀ ਕਾਰਨ ਜ਼ੁਰਮਾਨੇ ਵਜੋਂ ਕੋਈ

ਵਿਆਜ ਵਸੂਲ ਨਹੀਂ ਕੀਤਾ ਜਾਵੇਗਾ। ਬੈਂਕਾਂ ਦੁਆਰਾ ਵਿਆਜ ਰਾਸ਼ੀਆਂ ਨੂੰ ਜੋੜਨ ਦਾ ਕੰਮ ਉਚਿੱਤ ਢੰਗ ਨਾਲ ਅੱਗੇ ਪਾ ਦੇਣਾ ਚਾਹੀਦਾ ਹੈ।

ਰੂਪਾਂਤਰਿਤ/ਨਵੇਂ ਸਿਰੇ ਤੋਂ ਨਿਰਧਾਰਿਤ ਕਰਜ਼ਿਆਂ ਦੇ ਸਬੰਧ ਵਿਚ ਬੈਂਕ ਜ਼ੁਰਮਾਨੇ ਵਜੋਂ ਕੋਈ ਵਿਆਜ ਨਹੀਂ ਲਗਾਉਣਗੇ ਅਤੇ ਜੇਕਰ ਪਹਿਲਾਂ ਹੀ ਜ਼ੁਰਮਾਨੇ ਵਜੋਂ ਕੋਈ ਵਿਆਜ ਲਗਾਇਆ ਗਿਆ ਹੋਵੇ, ਉਸ ਨੂੰ ਛੱਡ ਦੇਣਗੇ।

III. ਦਸਤਕਾਰ ਅਤੇ ਸਵੈ ਰੋਜਗਾਰ ਵਿਚ ਲੱਗੇ ਵਿਅਕਤੀ:

40. ਜੁਲਾਹਿਆਂ ਸਮੇਤ ਗ੍ਰਾਮੀਣ ਦਸਤਕਾਰਾਂ ਅਤੇ ਸਵੈਰੋਜਗਾਰ ਵਿਚ ਲੱਗੇ ਵਿਅਕਤੀਆਂ ਦੀਆਂ ਸਾਰੀਆਂ ਸ੍ਰੇਣੀਆਂ ਲਈ ਸ਼ੈਡਾਂ ਦੀ ਮੁਰੰਮਤ, ਔਜ਼ਾਰਾਂ ਜਾਂ ਯੰਤਰਾਂ ਨੂੰ ਬਦਲਣ ਅਤੇ ਕੱਚੇ ਮਾਲ ਅਤੇ ਭੰਡਾਰ ਖਰੀਦਣ ਲਈ ਕਰਜ਼ਿਆਂ ਦੀ ਜ਼ਰੂਰਤ ਹੋਵੇਗੀ। ਕਰਜ਼ਾ ਮਨਜ਼ੂਰ ਕਰਨ ਸਮੇਂ ਸਬੰਧਤ ਰਾਜ ਸਰਕਾਰ ਤੋਂ ਉਪਲਬੱਧ ਹੋਣ ਵਾਲੀ ਸਬਸਿਡੀ/ਸਹਾਇਤਾ ਰਾਸ਼ੀ ਲਈ ਜਾਇਜ਼ ਰਿਆਇਤ ਦਿੱਤੀ ਜਾਵੇਗੀ।

41. ਅਜਿਹੇ ਕਈ ਦਸਤਕਾਰ, ਵਪਾਰੀ ਅਤੇ ਸਵੈਰੋਜਗਾਰ ਵਿਚ ਲੱਗੇ ਵਿਅਕਤੀ ਹੋਣਗੇ ਜਿਨ੍ਹਾਂ ਕੋਈ ਪੂੰਜੀ ਦੇ ਪ੍ਰਬੰਧ ਜਾਂ ਕਿਸੇ ਬੈਂਕ ਤੋਂ ਸੁਵਿਧਾ ਉਪਲਬੱਧ ਨਾ ਹੋਵੇ ਪਰੰਤੂ ਜਿਨ੍ਹਾਂ ਨੂੰ ਹੁਣ ਮੁੜ ਵਸੇਵੇਂ ਲਈ ਆਰਥਿਕ ਸਹਾਇਤਾ ਦੀ ਲੋੜ ਹੋਵੇ। ਅਜਿਹੇ ਵਰਗ ਉਨ੍ਹਾਂ ਬੈਂਕਾਂ ਤੋਂ ਆਰਥਿਕ ਸਹਾਇਤਾ ਪ੍ਰਾਪਤ ਕਰਨ ਦੇ ਯੋਗ ਹੋਣਗੇ ਜਿਨ੍ਹਾਂ ਦੇ ਕਾਰਜ ਖੇਤਰ ਅੰਦਰ ਉਹ ਰਹਿੰਦੇ ਜਾਂ ਆਪਣਾ ਧੰਦਾ/ਵਪਾਰ ਚਲਾਉਂਦੇ ਹਨ। ਜਿੱਥੇ ਕੋਈ ਅਜਿਹਾ ਵਿਅਕਤੀ/ਪੱਖ ਇਕ ਤੋਂ ਵੱਧ ਬੈਂਕਾਂ ਦੇ ਕਾਰਜ ਖੇਤਰ ਅੰਦਰ ਆਉਂਦਾ ਹੋਵੇ ਤਾਂ ਸਬੰਧਤ ਬੈਂਕ ਮਿਲ ਬੈਠ ਕੇ ਉਸ ਦੀ ਸਮੱਸਿਆ ਹੱਲ ਕਰਨਗੇ।

IV. ਛੋਟੇ ਪੈਮਾਨੇ ਦੀਆਂ ਅਤੇ ਸੂਖਮ ਇਕਾਈਆਂ

42. ਗ੍ਰਾਮੀਣ ਅਤੇ ਝੁੱਗੀ ਝੌਂਪੜੀ ਉਦਯੋਗ ਖੇਤਰ ਦੀਆਂ ਇਕਾਈਆਂ ਛੋਟੇ ਪੈਮਾਨੇ ਦੀਆਂ ਉਦਯੋਗਿਕ ਇਕਾਈਆਂ ਅਤੇ ਮੱਧਿਅਮ ਉਦਯੋਗਿਕ ਖੇਤਰ ਦੀਆਂ ਇਕਾਈਆਂ ਜੋ ਉਹ ਇਕਾਈਆਂ ਜਿਨ੍ਹਾਂ ਨੂੰ ਨੁਕਸਾਨ ਪੁੱਜਿਆ ਹੋਵੇ, ਉਨ੍ਹਾਂ ਦੇ ਮੁੜ ਵਸੇਵੇਂ ਵੱਲ ਧਿਆਨ ਦੇਣ ਦੀ ਵੀ ਜ਼ਰੂਰਤ ਹੋਵੇਗੀ। ਕਾਰਖਾਨਿਆਂ ਦੀਆਂ ਇਮਾਰਤਾਂ ਸ਼ੈਡਾਂ ਅਤੇ ਮਸ਼ੀਨਰੀ ਦੀ ਮੁਰੰਮਤ ਅਤੇ ਨਵਿਆਉਣ ਲਈ ਅਤੇ ਖਰਾਬ ਹੋਏ ਪੁਰਜਿਆਂ ਨੂੰ ਬਦਲਣ ਲਈ ਅਤੇ ਕੱਚੇ ਮਾਲ ਅਤੇ ਭੰਡਾਰਣ ਦੀ ਖਰੀਦ ਲਈ ਛੇਤੀ ਨਾਲ ਵਰਕਿੰਗ ਕੇਪੀਟਲ ਉਪਲਬੱਧ ਕਰਵਾਉਣ ਦੀ ਲੋੜ ਹੋਵੇਗੀ।

43. ਜਿੱਥੇ ਕੱਚਾ ਮਾਲ ਜਾਂ ਤਿਆਰ ਮਾਲ ਹੜ ਗਿਆ ਹੋਵੇ ਜਾਂ ਬਰਬਾਦ ਜਾਂ ਖਰਾਬ ਹੋ ਗਿਆ ਹੋਵੇ, ਸੁਭਾਵਿਕ ਹੈ ਕਿ ਉਥੋਂ ਵਰਕਿੰਗ ਕੈਪੀਟਲ ਲਈ ਬੈਂਕ ਦੀ ਸਿਕਿਉਰਿਟੀ ਖਤਮ ਹੋ ਜਾਵੇਗੀ ਅਤੇ ਵਰਕਿੰਗ ਕੈਪੀਟਲ ਖਾਤਾ (ਕੈਸ਼ ਕ੍ਰੈਡਿਟ ਜਾਂ ਲੋਨ) ਅਨਿਯ੍ਰਮਿਤ ਹੋ ਜਾਵੇਗਾ। ਅਜਿਹੇ ਮਾਮਲਿਆਂ ਵਿਚ ਬੈਂਕ ਸਿਕਿਉਰਿਟੀ ਤੋਂ ਵੱਧ ਕੱਢਵਾਈਆਂ ਗਈਆਂ ਰਾਸ਼ੀਆਂ ਨੂੰ ਮਿਆਦੀ ਕਰਜ਼ੇ ਵਿਚ ਰੂਪਾਂਤਰਿਤ ਕਰਨਗੇ ਅਤੇ ਕਰਜ਼ਦਾਰਾਂ ਨੂੰ ਹੋਰ ਵਰਕਿੰਗ ਕੈਪੀਟਲ ਪ੍ਰਦਾਨ ਕਰਨਗੇ।

44. ਹੋਏ ਨੁਕਸਾਨ ਅਤੇ ਮੁੜ ਵਸੇਵੇਂ ਅਤੇ ਉਤਪਾਦਨ ਅਤੇ ਵਿਕਰੀ ਆਰੰਭ ਹੋਣ ਵਿਚ ਲੱਗਣ ਵਾਲੇ ਸਮੇਂ ਦੇ ਆਧਾਰ ਤੇ ਮਿਆਦੀ ਕਰਜ਼ੇ ਦੀਆਂ ਕਿਸ਼ਤਾਂ ਨੂੰ ਉਸ ਇਕਾਈ ਦੀ ਆਮਦਨ ਪ੍ਰਦਾਨ ਕਰਨ ਦੀ ਸਮਰੱਥਾ ਨੂੰ ਧਿਆਨ ਵਿਚ ਰੱਖਦੇ ਹੋਏ ਉਚਿੱਤ ਢੰਗ ਨਾਲ ਪੁਨਰ ਨਿਰਧਾਰਿਤ ਕਰਨਾ ਪਵੇਗਾ। ਮਾਰਜਨ ਵਿਚ ਕਮੀ ਨੂੰ ਨਜਰਅੰਦਾਜ਼ ਜਾਂ ਸਮਾਪਤ ਕਰਨਾ ਪਵੇਗਾ ਅਤੇ ਕਰਜ਼ਦਾਰ ਨੂੰ ਭਵਿੱਖ ਵਿਚ ਹੋਣ ਵਾਲੀ ਆਮਦਨ ਦੁਆਰਾ ਹੌਲੀ ਹੌਲੀ ਮਾਰਜਨ ਦਾ ਨਿਰਮਾਣ ਕਰਨ ਲਈ ਸਮਾਂ ਦੇਣਾ ਪਵੇਗਾ। ਜਿੱਥੇ ਕਿਤੇ ਰਾਜ ਸਰਕਾਰ

ਜਾਂ ਕਿਸੇ ਏਜੰਸੀ ਨੇ ਅਨੁਦਾਨ ਰਾਸ਼ੀਆਂ/ਸਬਸਿਡੀ/ਸੀਡ ਮਨੀ ਉਪਲਬੱਧ ਕਰਵਾਉਣ ਦੀ ਕਿਸੇ ਵਿਸ਼ੇਸ਼ ਯੋਜਨਾ ਦੀ ਨਿਰਮਾਣ ਕੀਤਾ ਹੋਵੇ ਤਾਂ ਕਰਜ਼ੇ ਵਿਰੁੱਧ ਅਜਿਹੀ ਅਨੁਦਾਨ ਰਾਸ਼ੀ/ਸਬਸਿਡੀ/ਸੀਡਮਨੀ ਦੀ ਰਾਸ਼ੀ ਦੇ ਬਰਾਬਰ ਮਾਰਜਨ ਦੀ ਸ਼ਰਤ ਲਗਾਈ ਜਾ ਸਕਦੀ ਹੈ।

45. ਕਿਸੇ ਛੋਟੇ ਪੈਮਾਨੇ ਦੀ ਸੂਖਮ ਇਕਾਈ ਦੇ ਮੁੜ ਵਸੇਵੇਂ ਲਈ ਕਰਜ਼ਾ ਦੇਣ ਸਮੇਂ ਬੈਂਕਾਂ ਸਾਹਮਣੇ ਵਿਚਾਰਯੋਗ ਪ੍ਰਾਥਮਿਕ ਸ਼ਰਤ ਮੁੜ ਵਸੇਵੇਂ ਦਾ ਪ੍ਰੋਗਰਾਮ ਲਾਗੂ ਕਰਨ ਪਿੱਛੋਂ ਉਸ ਉਦਯੋਗ ਦੀ ਜੀਉਣਯੋਗਤਾ ਹੋਣੀ ਚਾਹੀਦੀ ਹੈ।

V. ਹੋਰ ਮੁੱਦੇ

ੳ. ਵਪਾਰਕ ਨਿਰੰਤਰਤਾ ਸਬੰਧੀ ਨਿਯੋਜਨ

46. ਬੈਂਕਿੰਗ ਪ੍ਰਣਾਲੀ ਵਿਚ ਟੈਕਨਾਲੋਜੀ ਦੇ ਵਧੇਰੇ ਸ਼ਕਤੀਸ਼ਾਲੀ ਦ੍ਰਿਸ਼ ਵਿਚ ਵਪਾਰਕ ਨਿਰੰਤਰਤਾ ਸਬੰਧੀ ਨਿਯੋਜਨ ( ਬੀ ਸੀ ਪੀ) ਵਪਾਰਕ ਰੁਕਾਵਟਾਂ ਅਤੇ ਪ੍ਰਣਾਲੀ ਦੀ ਅਸਫਲਤਾ ਨੂੰ ਘੱਟੋ ਘੱਟ ਕਰਨ ਲਈ ਪਹਿਲੀ ਜ਼ਰੂਰਤ ਬਣ ਗਈ ਹੈ। ਵਪਾਰਕ ਨਿਰੰਤਰਤਾ ਸਬੰਧੀ ਨਿਯੋਜਨ (ਬੀ ਸੀ ਪੀ) ਵਿਉਂਤ ਲਈ ਬੈਂਕ ਕੁਦਰਤੀ ਮੁਸੀਬਤਾਂ ਨਾਲ ਪ੍ਰਭਾਵਿਤ ਹੋਣ ਵਾਲੇ ਖੇਤਰਾਂ ਵਿਚਲੀਆਂ ਸ਼ਾਖਾਵਾਂ ਲਈ ਵਿਕਲਪ ਦੇ ਤੌਰ ਤੇ ਸ਼ਾਖਾਵਾਂ ਦੀ ਨਿਸ਼ਾਨਦੇਹੀ ਕਰ ਸਕਦੇ ਹਨ। ਵਰਤਮਾਨ ਨਿਰਦੇਸ਼ਾਂ ਅਨੁਸਾਰ, ਬੈਂਕਾਂ ਦੇ ਨਿਰਦੇਸ਼ਕ ਮੰਡਲਾਂ ਨੂੰ ਬੀ ਸੀ ਪੀ ਸਬੰਧੀ ਨੀਤੀ ਨੂੰ ਮਨਜ਼ੂਰੀ ਦੇਣੀ ਹੁੰਦੀ ਹੈ, ਕਾਫੀ ਸਾਧਨ ਨਿਯਤ ਕਰਨੇ ਪੈਂਦੇ ਹਨ ਅਤੇ ਚੋਟੀ ਦੇ ਪ੍ਰਬੰਧਕਾਂ ਨੂੰ ਇਸ ਸਬੰਧ ਵਿਚ ਮਾਰਗ ਦਰਸ਼ਨ ਅਤੇ ਨਿਰਦੇਸ਼ ਪ੍ਰਦਾਨ ਕਰਨੇ ਪੈਂਦੇ ਹਨ। ਬੈਂਕ ਕੇਵਲ ਡਿਜ਼ਾਸਟਰ ਰਿਕਵਰੀ (ਡੀ ਆਰ) ਦੀ ਬਜਾਇ ਵਿਸਥਾਰਪੂਰਣ ਬੀ. ਸੀ. ਪੀ. ਦਾ ਨਿਰਮਾਣ ਕਰ ਸਕਦੇ ਹਨ। ਬੈਂਕ ਡੀ ਆਰ ਸਾਈਟ ਨੂੰ ਚਾਲੂ ਮਿਤੀ ਤੱਕ ਪੂਰਣ ਰੱਖ ਸਕਦੇ ਹਨ ਤਾਂ ਜੋ ਉਨ੍ਹਾਂ ਦਾ ਪੂਰੀ ਤਰ੍ਹਾਂ

ਨਰੀਖਣ ਕੀਤਾ ਜਾ ਸਕੇ ਅਤੇ ਡਾਟਾ ਨੂੰ ਇਕੋ ਸਮੇਂ ਪ੍ਰਾਇਮਰੀ ਅਤੇ ਸੈਕੰਡਰੀ ਸਾਇਟਾਂ ਤੇ ਪਾਇਆ ਜਾ ਸਕੇ।

ਅ. ਗ੍ਰਾਹਕਾਂ ਲਈ ਆਪਣੇ ਖਾਤਿਆਂ ਤੱਕ ਪਹੁੰਚ:

47. ਉਨ੍ਹਾ ਖੇਤਰਾਂ ਵਿਚ ਜਿੱਥੇ ਬੈਂਕ ਸ਼ਾਖਾਵਾਂ ਕੁਦਰਤੀ ਮੁਸੀਬਤਾਂ ਨਾਲ ਪ੍ਰਭਾਵਿਤ ਹਨ ਅਤੇ ਸਾਧਾਰਨ ਰੂਪ ਵਿਚ ਕੰਮ ਕਾਜ ਕਰਨ ਵਿਚ ਅਸਮਰੱਥ ਹਨ ਉਥੇ ਬੈਂਕ ਰਿਜ਼ਰਵ ਬੈਂਕ ਨੂੰ ਸੂਚਿਤ ਕਰਕੇ ਅਸਥਾਈ ਇਮਾਰਤਾਂ ਵਿਚੋਂ ਆਪਣਾ ਕੰਮ ਕਾਜ ਚਲਾ ਸਕਦੇ ਹਨ। ਅਸਥਾਈ ਇਮਾਰਤਾਂ ਵਿਚ 30 ਦਿਨਾਂ ਤੋਂ ਜਿਆਦਾ ਰਹਿਣ ਲਈ ਭਾਰਤੀਯ ਰਿਜ਼ਰਵ ਬੈਂਕ ਦੇ ਸਬੰਧਤ ਰੀਜਨਲ ਆਫਿਸ ਤੋਂ ਵਿਸ਼ੇਸ ਮਨਜ਼ੂਰੀ ਪ੍ਰਾਪਤ ਕੀਤੀ ਜਾ ਸਕਦੀ ਹੈ। ਬੈਂਕਾਂ ਦੁਆਰਾ ਭਾਰਤੀ ਰਿਜਰਵ ਬੈਂਕ ਦੇ ਰੀਜ਼ਨਲ ਆਫਿਸ ਨੂੰ ਸੂਚਿਤ ਕਰਕੇ ਪ੍ਰਭਾਵਿਤ ਖੇਤਰਾਂ ਵਿਚ ਚਲਦੇ ਫਿਰਦੇ ਦਫ਼ਤਰਾਂ ਦੀ ਸਥਾਪਨਾ ਐਕਸਟੈਂਸ਼ਨ ਕਾਊਂਟਰ ਜਾਂ ਮੋਬਾਇਲ ਬੈਂਕਿੰਗ ਸੁਵਿਧਾਵਾਂ ਰਾਹੀਂ ਬੈਂਕਿੰਗ ਸੇਵਾਵਾਂ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ।

ਗ੍ਰਾਹਕ ਦੀਆਂ ਧੰਨ ਸਬੰਧੀ ਤੁਰੰਤ ਲੋੜਾਂ ਪੂਰੀਆਂ ਕਰਨ ਲਈ ਬੈਂਕ ਫਿਕਸਡ ਡਿਪਾਜਿਟਸ ਵਰਗੇ ਖਾਤਿਆਂ ਪ੍ਰਤੀ ਪਹੁੰਚ ਸਬੰਧੀ ਜੁਰਮਾਨਿਆਂ ਨੂੰ ਮੁਆਫ ਕਰਨ ਤੇ ਵਿਚਾਰ ਕਰ ਸਕਦੇ ਹਨ। ਏ ਟੀ ਐਮ ਨੂੰ ਛੇਤੀ ਤੋਂ ਛੇਤੀ ਮੁੜ ਤੋਂ ਚਾਲੂ ਕਰਨ ਜਾਂ ਅਜਿਹੀਆਂ ਸੁਵਿਧਾਵਾਂ ਪ੍ਰਦਾਨ ਕਰਨ ਲਈ ਵਿਕਲਪ ਪ੍ਰਬੰਧ ਕਰਨ ਲਈ ਜ਼ਰੂਰੀ ਮਹੱਤਵ ਦਿੱਤਾ ਜਾਣਾ ਚਾਹੀਦਾ ਹੈ। ਬੈਂਕਾਂ ਦੁਆਰਾ ਆਪਣੇ ਗ੍ਰਾਹਕਾਂ ਨੂੰ ਦੂਜੇ ਏ ਟੀ ਐਮ ਨੈਟਵਰਕ ਅਤੇ ਮੋਬਾਇਲ ਏ ਟੀ ਐਮ ਆਦਿ ਦੇ ਪ੍ਰਬੰਧ ਕਰਨ ਤੇ ਵਿਚਾਰ ਕਰਨਾ ਚਾਹੀਦਾ ਹੈ।

ੲ. ਮੁੱਦਰਾ ਪ੍ਰਬੰਧਨ

48. ਜੇਕਰ ਬੈਂਕ ਦੀ ਕਰੰਸੀ ਚੈਸਟ ਪ੍ਰਭਾਵਿਤ ਹੁੰਦੀ ਹੈ ਤਾਂ ਉਹ ਬੈਂਕ ਰਿਜ਼ਰਵ ਬੈਂਕ ਦੇ ਸਬੰਧਤ ਆਰ ਓ ਨੂੰ ਸੂਚਿਤ ਕਰਕੇ ਤੁਰੰਤ ਸਬ ਤੋਂ ਨੇੜਲੀ ਕੰਮ ਕਾਜ ਕਰ ਰਹੀ ਕਿਸੇ ਵੀ ਬੈਂਕ ਦੀ

ਕਰੰਸੀ ਚੈਸਟ ਸ਼ਾਖਾ ਨਾਲ ਸੰਪਰਕ ਕਰ ਸਕਦੀ ਹੈ ਜੋ ਕਿ ਪ੍ਰਭਾਵਿਤ ਕਰੰਸੀ ਚੈਸਟ ਨੂੰ ਕਰੰਸੀ ਨੋਟਾਂ ਦੀ ਆਪੂਰਤੀ ਕਰੇਗੀ ਤਾਂ ਜੋ ਉਨ੍ਹਾਂ ਨਾਲ ਜੁੜੀਆਂ ਬੈਂਕ ਸ਼ਾਖਾਵਾਂ ਨੂੰ ਨਕਦੀ ਦੀ ਆਪੂਰਤੀ ਕਰਵਾਈ ਜਾ ਸਕੇ। ਜ਼ਰੂਰਤ ਪੈਣ ਤੇ ਉਹ ਬੈਂਕ ਜਿਨ੍ਹਾਂ ਦੀਆਂ ਕਰੰਸੀ ਚੈਸਟਾਂ ਪ੍ਰਭਾਵਿਤ ਹੋਈਆਂ ਹਨ, ਰਿਜਰਵ ਬੈਂਕ ਦੇ ਸਬੰਧਤ ਰੀਜਨਲ ਆਫਿਸ ਨੂੰ ਸੂਚਿਤ ਕਰਕੇ ਅਸਥਾਈ ਸਮੇਂ ਲਈ ਖਜਾਨੇ ਖੋਲ੍ਹ ਸਕਦੇ ਹਨ ਤਾਂ ਜੋ ਦਿਨ ਪ੍ਰਤੀਦਿਨ ਦੀਆਂ ਧੰਨ ਸਬੰਧੀ ਲੋੜਾਂ ਨੂੰ ਪੂਰਾ ਕੀਤਾ ਜਾ ਸਕਦਾ ਹੈ।

ਸ. ਆਪਣੇ ਗ੍ਰਾਹਕ ਨੂੰ ਪਹਿਚਾਣੋ (ਕੇ ਵਾਈ ਸੀ ) ਨਿਯਮ

49. ਕੁਦਰਤੀ ਮੁਸੀਬਤਾਂ ਨਾਲ ਪ੍ਰਭਾਵਿਤ ਲੋਕਾਂ ਦੁਆਰਾ ਖਾਤੇ ਖੁਲ੍ਹਵਾਉਣ ਦੇ ਕੰਮ ਨੂੰ ਅਸਾਨ ਬਣਾਉਣ ਲਈ ਖਾਸ ਕਰਕੇ ਸਰਕਾਰ/ਹੋਰ ਏਜੰਸੀਆਂ ਦੁਆਰਾ ਵੱਖ-ਵੱਖ ਸਹੂਲਤਾਂ ਪ੍ਰਾਪਤ ਕਰਨ ਲਈ, ਬੈਂਕ ਹੇਠ ਲਿਖੇ ਅਨੁਸਾਰ ਖਾਤੇ ਖੋਲ੍ਹ ਸਕਦੇ ਹਨः

ੳ. ਕਿਸੇ ਅਜਿਹੇ ਖਾਤੇਦਾਰ ਵੱਲੋਂ ਜਾਣ ਪਹਿਚਾਣ ਜੋ ਕੇ ਵਾਈ ਸੀ ਪ੍ਰਕਿਰਿਆ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ ਹੋਵੇ ਜਾਂ

ਅ. ਪਛਾਣ ਦੇ ਦਸਤਾਵੇਜ਼ਾਂ ਜਿਵੇਂ ਕਿ ਵੋਟਰ ਪਛਾਣ ਪੱਤਰ ਜਾਂ ਡਰਾਈਵਿੰਗ ਲਾਇਸੈਂਸ, ਕਿਸੇ ਦਫ਼ਤਰ, ਕੰਪਨੀ, ਸਕੂਲ, ਕਾਲਜ ਵੱਲੋਂ ਜਾਰੀ ਕੀਤੇ ਗਏ ਪਛਾਣ ਪੱਤਰ ਦੇ ਨਾਲ-ਨਾਲ ਪਤਾ ਦਰਸਾਉਣ ਵਾਲੇ ਦਸਤਾਵੇਜ਼ ਜਿਵੇਂ ਕਿ ਬਿਜਲੀ ਦਾ ਬਿਲ ਰਾਸ਼ਨ ਕਾਰਡ ਆਦਿ ਜਾਂ

ੲ. ਅਜਿਹੇ ਦੋ ਗੁਆਂਢੀਆਂ ਦੁਆਰਾ ਜਾਣ ਪਹਿਚਾਣ ਜਿਨ੍ਹਾਂ ਕੋਲ ਉਪਰੋਕਤ ਪੈਰਾ 5 (ਅ) ਵਿਚ ਦੱਸੇ ਦਸਤਾਵੇਜ਼ ਹਨ, ਜਾਂ

ਸ. ਉਪਰੋਕਤ ਦੀ ਅਨੁਪਸਥਿਤੀ ਵਿਚ ਬੈਂਕ ਦੀ ਤਸੱਲੀ ਅਨੁਸਾਰ ਕੋਈ ਹੋਰ ਸਬੂਤ।

ਉਪਰੋਕਤ ਨਿਰਦੇਸ਼ ਉਨ੍ਹਾਂ ਮਾਮਲਿਆਂ ਵਿਚ ਲਾਗੂ ਹੋਣਗੇ ਜਿੱਥੇ ਇਕ ਸਾਲ ਦੌਰਾਨ ਖਾਤੇ ਵਿਚਲੀ ਬਕਾਇਆ ਰਾਸ਼ੀ 50,000/-ਰੁਪਏ ਮਨਜ਼ੂਰ ਕੀਤੀ ਰਾਹਤ ਰਾਸ਼ੀ (ਜੇਕਰ ਵੱਧ

ਹੋਵੇ) ਤੋਂ ਵੱਧ ਨਾ ਹੋਵੇ ਅਤੇ ਖਾਤੇ ਵਿਚਖ ਕੁਲ ਜਮ੍ਹਾਂ ਰਾਸ਼ੀ 1,00,000/- ਰੁਪਏ ਜਾਂ ਮਨਜ਼ੂਰ ਕੀਤੀ ਗਈ ਰਾਹਤ ਰਾਸ਼ੀ (ਜੇਕਰ ਵੱਧ ਹੋਵੇ) ਤੋਂ ਵੱਧ ਨਾ ਹੋਵੇ।

## ਹ. ਕਲੀਅਰਿੰਗ ਅਤੇ ਨਿਪਟਾਰਾ ਪ੍ਰਣਾਲੀ

50. ਕਲੀਅਰਿੰਗ ਸੇਵਾ ਵਿਚ ਨਿਰੰਤਰਤਾ ਯਕੀਨੀ ਬਣਾਉਣ ਲਈ ਭਾਰਤੀਯ ਰਿਜ਼ਰਵ ਬੈਂਕ ਨੇ ਬੈਂਕਾਂ ਨੂੰ ਵੱਡੇ 20 ਸ਼ਹਿਰਾਂ ਵਿਚ "ਆਨ ਸਿਟੀ ਬੈਕ ਅਪ ਸੈਂਟਰਸ" ਲਈ ਅਤੇ ਬਾਕੀ ਸ਼ਹਿਰਾਂ ਵਿਚ ਘੱਟ ਖਰਚ ਵਾਲੀ ਪ੍ਰਭਾਵੀ ਸੈਟਲਮੈਂਟ ਪ੍ਰਣਾਲੀ ਸਲਾਹ ਦਿੱਤੀ ਹੈ। ਕਿਸੇ ਵੀ ਕਲੀਅਰਿੰਗ ਖੇਤਰ ਵਿਚਲੇ ਬੈਂਕ ਆਪਸ ਵਿਚ ਮਿਲ ਕੇ ਲਚਕੀਲੀਆਂ ਕਲੀਅਰਿੰਗ ਸੇਵਾਵਾਂ ਪ੍ਰਦਾਨ ਕਰ ਸਕਦੇ ਹਨ। ਪਰੰਤੂ ਇਨ੍ਹਾਂ ਪ੍ਰਬੰਧਾਂ ਦੇ ਬਾਵਜੂਦ ਬੈਂਕ ਵੱਡੀਆਂ ਰਾਸ਼ੀਆਂ ਤੇ ਖਰਚਿਆਂ ਵਿਚ ਛੂਟ ਦੇਣ ਬਾਰੇ ਵਿਚਾਰ ਕਰ ਸਕਦੇ ਹਨ ਤਾਂ ਜੋ ਉਨ੍ਹਾਂ ਖੇਤਰਾਂ ਵਿਚ ਧੰਨ ਦੀਆਂ ਜ਼ਰੂਰਤਾਂ ਨੂੰ ਪੂਰਾ ਕੀਤਾ ਜਾ ਸਕੇ ਜਿੱਥੇ ਕਲੀਅਰਿੰਗ ਸੇਵਾਵਾਂ ਵਿਚ ਰੁਕਾਵਟ ਆ ਗਈ ਹੋਵੇ। ਬੈਂਕਾਂ ਦੁਆਰਾ ਈ ਐਫ ਟੀ, ਟੀ.ਸੀ.ਐਸ. ਜਾਂ ਡਾਕ ਸੇਵਾਵਾਂ ਲਈ ਫੀਸ ਸਮਾਪਤ ਕਰਨ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ ਤਾਂ ਜੋ ਕੁਦਰਤੀ ਮੁਸੀਬਤ ਨਾਲ ਪ੍ਰਭਾਵਿਤ ਵਿਅਕਤੀਆਂ ਦੇ ਖਾਤਿਆਂ ਵਿਚ ਧੰਨ ਮੰਗਵਾਉਣਾ ਆਸਾਨ ਹੋ ਸਕੇ।

## VI. ਦੰਗਾ ਫਸਾਦ ਅਤੇ ਗੜਬੜੀ ਨਾਲ ਪ੍ਰਭਾਵਿਤ ਖੇਤਰਾਂ ਵਿਚ ਇਨ੍ਹਾਂ ਮਾਰਗਦਰਸ਼ਕ ਲੀਹਾਂ ਦਾ ਲਾਗੂ ਹੋਣਾ

51. ਜਦੋਂ ਕਦੇ ਭਾਰਤੀ ਰਿਜ਼ਰਵ ਬੈਂਕ ਦੁਆਰਾ ਬੈਂਕਾਂ ਨੂੰ ਦੰਗਾ ਫਸਾਦ ਅਤੇ ਗੜਬੜੀ ਨਾਲ ਪ੍ਰਭਾਵਿਤ ਲੋਕਾਂ ਦੇ ਪੂਰਨ ਵਾਸ ਲਈ ਆਰਥਿਕ ਸਹਾਇਤਾ ਦੇਣ ਲਈ ਕਿਹਾ ਜਾਂਦਾ ਹੈ ਤਾਂ ਇਸ ਮੰਤਵ ਲਈ ਬੈਂਕਾਂ ਦੁਆਰਾ ਉਪਰੋਕਤ ਮਾਰਗਦਰਸ਼ਕ ਲੀਹਾਂ ਤੇ ਮੋਟੇ ਤੌਰ ਤੇ ਅਮਲ ਕੀਤਾ ਜਾ ਸਕਦਾ ਹੈ। ਪਰੰਤੂ ਇਹ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ ਰਾਜ

ਦੇ ਪ੍ਰਸ਼ਾਸ਼ਨ ਦੁਆਰਾ ਦੰਗਾ ਫਸਾਦ ਅਤੇ ਗੜਬੜੀ ਨਾਲ ਪ੍ਰਭਾਵਿਤ ਜਿਨ੍ਹਾਂ ਲੋਕਾਂ ਦੀ ਅਸਲ ਰੂਪ ਵਿਚ ਪਹਿਚਾਣ ਕੀਤੀ ਜਾਂਦੀ ਹੈ ਕੇਵਲ ਉਨ੍ਹਾਂ ਨੂੰ ਹੀ ਮਾਰਗਦਰਸ਼ਕ ਲੀਹਾਂ ਅਨੁਸਾਰ ਆਰਥਿਕ ਸਹਾਇਤਾ ਦਿੱਤੀ ਜਾਵੇ।

ਰਾਜ ਸਰਕਾਰ ਪਾਸੋਂ ਬੇਨਤੀ/ਸੂਚਨਾ ਪ੍ਰਾਪਤ ਹੋਣ ਤੇ ਭਾਰਤੀ ਰਿਜ਼ਰਵ ਬੈਂਕ ਦੁਆਰਾ ਬੈਂਕਾਂ ਨੂੰ ਸਲਾਹ ਜਾਰੀ ਕਰਨ ਤੋਂ ਬਾਅਦ ਬੈਂਕਾਂ ਦੁਆਰਾ ਆਪਣੀਆਂ ਸ਼ਾਖਾਵਾਂ ਨੂੰ ਨਿਰਦੇਸ਼ ਜਾਰੀ ਕਰਨ ਨਾਲ ਆਮ ਤੌਰ ਤੇ ਉਨ੍ਹਾਂ ਲੋਕਾਂ ਨੂੰ ਆਰਥਿਕ ਸਹਾਇਤਾ ਪ੍ਰਦਾਨ ਕਰਨ ਵਿਚ ਦੇਰੀ ਹੋ ਜਾਂਦੀ ਹੈ ਜੋ ਪ੍ਰਭਾਵਿਤ ਨਹੀਂ ਹੁੰਦੇ। ਪ੍ਰਭਾਵਿਤ ਵਿਅਕਤੀਆਂ ਨੂੰ ਤੀਬਰਤਾ ਨਾਲ ਰਾਹਤ ਪਹੁੰਚਾਣ ਲਈ ਇਹ ਫੈਸਲਾ ਕੀਤਾ ਗਿਆ ਹੈ ਕਿ ਦੰਗ ਫਸਾਦ/ਗੜਬੜੀ ਹੋਣ ਤੇ ਜ਼ਿਲ੍ਹਾ ਕਲੈਕਟਰ ਲੀਡ ਬੈਂਕ ਅਧਿਕਾਰੀ ਨੂੰ ਡੀ ਸੀ ਸੀ ਦੀ ਮੀਟਿੰਗ ਬੁਲਾਉਣ ਲਈ ਕਹਿ ਸਕਦਾ ਹੈ ਜੇਕਰ ਜ਼ਰੂਰੀ ਹੋਵੇ, ਅਤੇ ਦੰਗੇ ਫਸਾਦ/ਗੜਬੜੀ ਨਾਲ ਪ੍ਰਭਾਵਿਤ ਖੇਤਰ ਵਿਚ ਹੋਈ ਜਾਨਮਾਲ ਦੀ ਹਾਨੀ ਬਾਰੇ ਰਿਪੋਰਟ ਡੀ ਸੀ ਸੀ ਨੂੰ ਸੌਂਪਣ ਲਈ ਕਹਿ ਸਕਦਾ ਹੈ। ਜੇਕਰ ਡੀ ਸੀ ਸੀ ਇਯ ਬਾਰੇ ਸੰਤੁਸ਼ਟ ਹੋਵੇ ਕਿ ਦੰਗੇ ਫਸਾਦ/ਗੜਬੜੀ ਕਾਰਨ ਜਾਨ ਮਾਲ ਦੀ ਵਿਆਪਕ ਹਾਨੀ ਹੋਈ ਹੈ ਤਾਂ ਦੰਗੇ ਫਸਾਦ/ਗੜਬੜੀ ਤੋਂ ਪ੍ਰਭਾਵਿਤ ਲੋਕਾਂ ਨੂੰ ਉਪਰੋਕਤ ਮਾਰਗਦਰਸ਼ਕ ਲੀਹਾਂ ਅਨੁਸਾਰ ਰਾਹਤ ਪ੍ਰਦਾਨ ਕੀਤੀ ਜਾ ਸਕਦੀ ਹੈ। ਕੁਝ ਮਾਮਲਿਆਂ ਵਿਚ ਜਿੱਥੇ ਜ਼ਿਲ੍ਹਾ ਸਲਾਹਕਾਰ ਕਮੇਟੀਆਂ ਨਹੀਂ ਹਨ ਉਥੇ ਜ਼ਿਲ੍ਹਾ ਕਲੈਕਟਰ ਰਾਜ ਦੀ ਰਾਜ ਪੱਧਰੀ ਬੈਂਕਰਸ ਕਮੇਟੀ ਦੇ ਆਯੋਜਕ ਨੂੰ ਬੈਂਕਰਸ ਦੀ ਮੀਟਿੰਗ ਬੁਲਾਉਣ ਲਈ ਕਹਿ ਸਕਦਾ ਸੌਂਪੀ ਗਈ ਰਿਪੋਰਟ ਅਤੇ ਉਸ ਤੇ ਡੀ ਸੀ ਸੀ/ਐਸ ਐਲ ਬੀ ਸੀ ਦਾ ਫੈਸਲਾ ਰਿਕਾਰਡ ਕੀਤਾ ਜਾ ਸਕਦਾ ਹੈ ਅਤੇ ਇਹ ਉਸ ਮੀਟਿੰਗ ਵਿਚ ਲਏ ਗਏ ਫੈਸਲਿਆਂ ਦਾ ਇਕ ਹਿੱਸਾ ਬਣਾ ਸਕਦਾ ਹੈ। ਉਸ ਮੀਟਿੰਗ ਵਿਚ ਲਏ ਗਏ ਫੈਸਲਿਆਂ ਦਾ ਇਕ ਹਿੱਸਾ ਬਣਾ ਸਕਦਾ ਹੈ। ਉਸ ਮੀਟਿੰਗ ਦੀ ਕਾਰਵਾਈ ਦੀ ਇਕ ਕਾਪੀ ਭਾਰਤੀਯ ਰਿਜ਼ਰਵ ਬੈਂਕ ਦੇ ਸਬੰਧਤ ਖੇਤਰੀ ਦਫ਼ਤਰ ਨੂੰ ਭੇਜੀ ਜਾ ਸਕਦੀ ਹੈ।

VII. ਵਪਾਰ ਅਤੇ ਉਦਯੋਗ ਦੇ ਮਾਮਲੇ ਵਿਚ ਇਨ੍ਹਾਂ ਮਾਰਗਦਰਸ਼ਕ ਲੀਹਾਂ ਦਾ ਲਾਗੂ ਹੋਣਾਃ

52. ਕਰਜ਼ਾ ਚੁਕਾਉਣ ਦੀ ਕਾਨੂੰਨੀ ਮੁਹਲਤ, ਕਰਜ਼ਾ ਮੋੜਨ ਲਈ ਵੱਧੋ ਵੱਧ ਅਵਧੀ, ਪੁਨਰ ਨਿਰਧਾਰਿਤ ਕਰਜ਼ਿਆਂ ਲਈ ਅਤਿਰਿਕਤ ਕੁਲੈਟਰਲ ਅਤੇ ਨਵੇਂ ਕਰਜ਼ੇ ਦੇ ਸਬੰਧ ਵਿਚ ਸੰਪੱਤੀ ਦੇ ਵਰਗੀਕਰਣ ਬਾਰੇ ਨਿਰਦੇਸ਼ ਖੇਤੀਬਾੜੀ ਤੋਂ ਇਲਾਵਾ ਉਦਯੋਗਾਂ ਅਤੇ ਵਪਾਰਕ ਖਾਤਿਆਂ ਸਮੇਤ ਸਾਰੇ ਪ੍ਰਭਾਵਿਤ ਪੁਨਰ ਨਿਰਧਾਰਿਤ ਕਰਜ਼ਾ ਖਾਤਿਆਂ ਤੇ ਵੀ ਲਾਗੂ ਹੋਣਗੇ।

*ਅੰਤਿਕਾ*

# ਮਾਸਟਰ ਸਰਕੂਲਰ ਕੁਦਰਤੀ ਮੁਸੀਬਤਾਂ ਨਾਲ ਪ੍ਰਭਾਵਿਤ ਖੇਤਰਾਂ ਵਿਚ ਬੈਂਕਾਂ ਦੁਆਰਾ ਰਾਹਤ ਕਦਮਾਂ ਬਾਰੇ ਮਾਰਗਦਰਸ਼ਕ ਲੀਹਾਂ

## ਇਸ ਮਾਸਟਰ ਸਰਕੂਲਰ ਵਿਚ ਸ਼ਾਮਲ ਸਰਕੂਲਰਾਂ ਦੀ ਸੂਚੀ

| ਨੰ: | ਸਰਕੂਲਰ ਨੰ: | ਮਿਤੀ | ਵਿਸ਼ਾ |
|---|---|---|---|
| 1- | ਆਰਪੀਸੀਡੀ ਨੰ:ਪੀਐਲਐਫਐਸ.ਬੀਸੀ. 128/ 05.04.02/97-98 | 20-6-98 | ਕੁਦਰਤੀ ਮੁਸੀਬਤਾਂ ਨਾਲ ਪ੍ਰਭਾਵਿਤ ਵਿਅਕਤੀਆਂ ਲਈ ਰਾਹਤ ਕਦਮਾਂ ਖੇਤੀਬਾੜੀ ਸਬੰਧੀ। |
| 2- | ਆਰਪੀਸੀਡੀ ਨੰ:ਪੀਐਲਐਫਐਸ.ਬੀਸੀ. 59/ 59/05.0402/92-93 | 6-1-93 | ਕੁਦਰਤੀ ਮੁਸੀਬਤਾਂ ਦੁਆਰਾ ਪ੍ਰਭਾਵਿਤ ਖੇਤਰਾਂ ਵਿਚ ਰਾਹਤ ਕਦਮਾਂ ਬਾਰੇ ਮਾਰਗਦਰਸ਼ਕ ਲੀਹਾਂ (ਖਪਤ ਸਬੰਧੀ ਕਰਜ਼ੇ) |
| 3- | ਆਰਪੀਸੀਡੀ ਨੰ:ਪੀਐਲਐਫਐਸਬੀਸੀ. 38/ ਪੀਐਸ 126-91/92 | 21-9-91 | ਦੰਗਾ ਫਸਾਦ / ਸਾਂਪ੍ਰਦਾਇਕ ਗੜਬੜੀ ਨਾਲ ਪ੍ਰਭਾਵਿਤ ਵਿਅਕਤੀਆਂ ਨੂੰ ਬੈਂਕਾਂ ਦੀ ਸਹਾਇਤਾ। |
| 4- | ਆਰਪੀਸੀਡੀ ਨੰ:ਪੀਐਸਬੀਸੀ 6/ਪੀਐਸ 126-84 | 2-8-84 | ਕੁਦਰਤੀ ਮੁਸੀਬਤਾਂ ਨਾਲ ਪ੍ਰਭਾਵਿਤ ਖੇਤਰਾਂ ਵਿਚ ਬੈਂਕਾਂ ਦੁਆਰਾ ਰਾਹਤ ਕਦਮਾਂ ਬਾਰੇ ਸੋਧੀਆਂ ਹੋਈਆਂ ਮਾਰਗਦਰਸ਼ਕ ਲੀਹਾਂ |
| 5- | ਆਰਪੀਸੀਡੀ ਪੀਐਲਐਫਐਲਐਸ.ਬੀਸੀ. ਨੰ: 42/05.02.02/2005-06 | 1-10-05 | ਬੈਂਕਿੰਗ ਪ੍ਰਣਾਲੀ ਵੱਲੋਂ ਖੇਤੀਬਾੜੀ ਅਤੇ ਸਬੰਧਤ ਗਤੀਵਿਧੀਆਂ ਲਈ ਕਰਜ਼ਿਆਂ ਦੇ ਵਹਾ ਬਾਰੇ ਸਲਾਹਕਾਰ ਕਮੇਟੀ। |

| | | | |
|---|---|---|---|
| 6- | ਆਰਪੀਸੀਡੀ.ਸੀਓ. ਪੀਐਲਐਫਐਸ. ਨੰ:ਬੀਸੀ/ 16/05.04.02/2006-07 | 9-8-06 | ਕੁਦਰਤੀ ਮੁਸੀਬਤਾਂ ਨਾਲ ਪ੍ਰਭਾਵਿਤ ਖੇਤਰਾਂ ਵਿਚ ਬੈਂਕਾਂ ਦੁਆਰਾ ਚੁੱਕੇ ਜਾਣ ਵਾਲੇ ਰਾਹਤ ਕਦਮਾਂ ਬਾਰੇ ਮਾਰਗਦਰਸ਼ਕ ਲੀਹਾਂ। |
| 7- | ਆਰਪੀਸੀਡੀ. ਪੀਐਲਐਫਐਸ. ਨੰ:ਬੀਸੀ 21/ 05.05.02/200607 | 4-9-06 | ਕੁਦਰਤੀ ਮੁਸੀਬਤਾਂ ਨਾਲ ਪ੍ਰਭਾਵਿਤ ਖੇਤਰਾਂ ਵਿਚ ਬੈਂਕਾਂ ਦੁਆਰਾ ਚੁੱਕੇ ਜਾਣ ਵਾਲੇ ਰਾਹਤ ਕਦਮਾਂ ਬਾਰੇ ਮਾਰਗਦਰਸ਼ਕ ਲੀਹਾਂ। |